# ਅੰਮ੍ਰਿਤ ਕੀਰਤਨ

**AMRIT KIRTAN**

**अमृत कीर्तन**

ਅੰਕ 6
ਨਵੰਬਰ 1989

ਡਾ. ਭਾਈ
ਸਰਬ ਸਿੰਘ ਰਾਗੀ
ਵਿਸ਼ੇਸ਼ ਅੰਕ

(ਸੰਪਾਦਕ ਆਨਰੇਰੀ)
ਡਾ. ਜਾਗੀਰ ਸਿੰਘ



ਡਾ. ਭਾਈ ਸਰਬ ਸਿੰਘ ਜੀ



**(1908—1970)**

# ਅੰਮ੍ਰਿਤ ਕੀਰਤਨ


अमृत कीर्तन Amrit Kirtan

ਅੰਕ : 6 ਨਵੰਬਰ 1989



ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਡਾ. ਸਤੀਸ਼ ਮੈਨਨ

ਸ੍ਰ: ਕੁਲਦੀਪ ਸਿੰਘ

ਪ੍ਰੋ: ਮਨਜੀਤ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ,

ਚੰਡੀਗੜ੍ਹ-160015

ਫੋਨ : 24660


**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

**ਦੇਸ਼ :**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼ :**

| | |
|---|---|
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |

## ਵਿਸ਼ਾ ਸੂਚੀ


1. ਤੁਹਾਡੇ ਪੱਤਰ 2
2. ਇੱਕ ਪਿਆਰੀ ਸ਼ਖਸੀਅਤ—ਅਨੁਵੰਤ ਕੌਰ 4
3. ਭਲੋ ਭਲੋ ਰੇ ਕੀਰਤਨੀਆ —ਡਾ. ਇੰਦਰਪਾਲ ਸਿੰਘ 4
5. A Tribute--Dr Inderpal Singh 14
6. ਗੁਰੂ ਅਰਜਨ ਕੀਰਤਨ ਮੰਡਲ —ਮਾਸਟਰ ਤਰਲੋਚਨ ਸਿੰਘ ਜੀਤ 16
7. ਸ਼ਬਦ ਵਿਚਾਰ—ਪ੍ਰਿੰਸੀਪਲ ਸਾਹਿਬ ਸਿੰਘ 19
8. ਰਾਗ ਦੇਵਗੰਧਾਰੀ - ਪ੍ਰੋ: ਤਾਰਾ ਸਿੰਘ 20
9. ਦਾਦਰਾ ਤਾਲ—ਡਾ. ਜਤਿੰਦਰ ਸਿੰਘ ਖੰਨਾ 23
21. पंजाब के संगीत घराने —डॉ. डी. एस. नरूला 24
11. ਤੁਹਾਡੇ ਪ੍ਰਸ਼ਨ 28
12. ਸੰਗੀਤ ਪੁਸਤਕ ਚਰਚਾ—ਸੰਗੀਤ ਕੌਰ 29
13. ਇੱਕ ਕੈਸਟ—ਡਾ. ਜਾਗੀਰ ਸਿੰਘ 30
14. ਸਮਾਚਾਰ 31



ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤੁਹਾਡੇ ਪੱਤਰ

ਰਸਾਲੇ ਦੀ ਦਿੱਖ, ਵਿਸ਼ਾ, ਵਸਤੂ, ਛਪਾਈ ਆਦਿ ਸਲਾਹੁਣ ਯੋਗ ਹਨ । ਪਰੰਤੂ ਸਭ ਤੋਂ ਸ਼ਲਾਘਾ ਦੇ ਪਾਤਰ ਤੁਸੀਂ ਆਪ ਹੋ ਜਿਹਨਾਂ ਨੂੰ ਅਜਿਹੀ ਪੱਤ੍ਰਕਾ ਕੱਢਣ ਦੀ ਵਿਚਾਰ ਫੁਰੀ ਤੇ ਇਸ ਨੂੰ ਉਤਸ਼ਾਹ ਪੂਰਵਕ ਇਤਨੇ ਸੁਚਾਰੂ ਢੰਗ ਨਾਲ ਪ੍ਰਫੁਲਿਤ ਕਰਕੇ ਜਿਹਨਾਂ ਨੇ ਸਿੱਖ ਕੀਰਤਨ ਸ਼ੈਲੀ ਨੂੰ ਉਘਾੜਨ, ਪਰਸਾਰਨ ਤੇ ਉਭਾਰਨ ਦਾ ਬੀੜਾ ਚੁਕਿਆ ਹੈ । ਵਾਹਿਗੁਰੂ ਪੂਰਨਤਾ ਬਖਸ਼ੇ ।

ਕੋਈ 15 ਕੁ ਸਾਲ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਤਦੋਂ ਦੇ ਵਾਈਸ ਚਾਂਸਲਰ ਸਾਹਿਬ ਨੂੰ ਮੈਂ ਅਜਿਹਾ ਸੁਝਾਉ ਦਿੱਤਾ ਸੀ, ਪਰ ਉਨ੍ਹਾਂ ਨੇ ਸ਼ਾਇਦ ਇਸ ਨੂੰ ਇਕ ਸੰਪ੍ਰਦਾਇਕ ਯੋਜਨਾ ਖਿਆਲ ਕਰਕੇ ਆਪ ਦਰ ਗੁਜ਼ਰ ਕਰ ਦਿੱਤਾ । ਉਸ ਘਾਟ ਨੂੰ ਪੂਰਾ ਕਰਨ ਦਾ ਸਿਹਰਾ ਆਪ ਨੂੰ ਪ੍ਰਦਾਨ ਹੋਇਆ ਹੈ ।

ਮੈਂ ਆਪਣੇ ਆਪ ਨੂੰ ਵਡਭਾਗੀ ਸਮਝਦਾ ਹਾਂ ਕਿ ਮੈਂ ਆਪਣੀ ਛੋਟੀ ਉਮਰ ਵਿਚ ਹੀ ਦੋ ਐਸੇ ਮਹਾਂ ਪੁਰਖਾਂ ਦੇ ਦਰਸ਼ਨ ਕੀਤੇ ਅਤੇ ਉਹਨਾਂ ਦੀ ਸੰਗਤ ਵਿਚ ਕੁਝ ਸਮਾਂ ਬਿਤਾਇਆ ਹੈ ਜਿਹਨਾਂ ਦੇ ਰਸੀਲੇ ਨੈਣਾਂ, ਤੇਜਸਵੀ ਚਿਹਰਿਆਂ ਅਤੇ ਜਾਦੂ ਭਰਪੂਰ ਕੀਰਤਨ ਤੇ ਵਿਆਖਿਆ ਨੇ ਅੱਜ ਤੱਕ ਮੇਰੇ ਮਨ ਤੇ ਸਦੀਵੀ ਪ੍ਰਭਾਵ ਅੰਕਿਤ ਕੀਤਾ ਹੋਇਆ ਹੈ । ਉਹ ਹਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਤੇ ਭਾਈ ਸਾਹਿਬ ਰਾਗੀ ਹੀਰਾ ਸਿੰਘ ਜੀ । ਮੇਰੇ ਜਨਮ ਵਾਲੇ ਸ਼ਹਿਰ ਗੁਜਰਾਂਵਾਲੇ ਨਾਲ ਉਹਨਾਂ ਦੋਵਾਂ ਦਾ ਖਾਸ ਪ੍ਰੇਮ ਸੀ । 1923 ਵਿੱਚ ਮੇਰੇ ਵੱਡੇ ਵੀਰ ਦੇ ਅਨੰਦ ਕਾਰਜ ਸਮੇਂ ਭਾਈ ਸਾਹਿਬ ਦੀ ਵਿਆਖਿਆ ਨੇ ਮੇਰੇ ਨੈਣਾਂ ਵਿਚ ਝੜੀ ਲੈਅ ਆਂਦੀ ਸੀ ।

ਇੰਦਰ ਸਿੰਘ, ਪ੍ਰਿੰਸੀਪਲ (ਰਿਟ.) ਚੰਡੀਗੜ੍ਹ ।

ਅੰਮ੍ਰਿਤ ਕੀਰਤਨ ਦਾ ਤੀਸਰਾ ਅੰਕ ਪੜ੍ਹਿਆ । ਜਿੰਨੀ ਉਮੀਦ ਸੀ ਉੱਨੀ ਸਮੱਗਰੀ ਤਾਂ ਇਸ ਵਿਚ ਪੜ੍ਹਨ ਲਈ ਨਹੀਂ ਮਿਲੀ ਪਰ ਫੇਰ ਵੀ ਇਸ ਖੇਤਰ ਵਿਚ ਨਵੀਆਂ ਲੀਕਾਂ ਪਾਉਣ ਵਾਲੇ ਯਤਨ ਲਈ ਤੁਸੀ ਵਧਾਈ ਦੇ ਪਾਤਰ ਹੋ । ਆਰਥਕ ਪੱਖੋਂ ਹਰ ਪਾਠਕ ਇਹ ਚਾਹੁੰਦਾ ਹੈ ਕਿ ਜੇ ਉਹ ਕਿਸੇ ਪੱਤ੍ਰਕਾ ਉੱਤੇ 5 ਰੁਪਏ ਖਰਚ ਕਰਦਾ ਹੈ ਤਾਂ ਉਸ ਵਿਚੋਂ ਉਸ ਨੂੰ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਹੋਵੇ । ਤੇ ਇਸ ਵਿਚ ਇਹ ਗੱਲ ਕੋਈ ਜ਼ਿਆਦਾ ਮਹੱਤਵਪੂਰਨ ਨਹੀਂ ਕਿ ਕਾਗਜ਼ ਕਿਹੋ ਜਿਹਾ ਹੈ । ਪੱਤ੍ਰਕਾ ਵਿਚ ਇੰਨੀ ਕੁ ਸਮਗਰੀ ਜ਼ਰੂਰ ਹੋਣੀ ਚਾਹੀਦੀ ਹੈ ਜੋ ਪਾਠਕ ਦੀ ਤਸੱਲੀ ਕਰਵਾ ਸਕੇ । ਇਹ ਰਸਾਲਾ ਕੀਰਤਨ ਨਾਲ ਸਬੰਧ ਰੱਖਦਾ ਹੈ । ਇਸ ਲਈ ਇਸ ਵਿਚ ਲੜੀਵਾਰ 1-2 ਰਾਗੀ ਸਾਹਿਬਾਨ ਦੇ ਪਤੇ ਜ਼ਰੂਰ ਪ੍ਰਕਾਸ਼ਿਤ ਕਰਿਆ ਕਰੋ ਤਾਂ ਕਿ ਲੋੜ ਪੈਣ ਤੇ ਉਹਨਾਂ ਨਾਲ ਸਬੰਧ ਸਥਾਪਿਤ ਕੀਤਾ ਜਾ ਸਕੇ । ਭਾਈ ਦਿਲਬਾਗ ਸਿੰਘ ਭਾਈ ਗੁਲਬਾਗ ਸਿੰਘ ਜੀ ਜੀ ਦੀ ਬੜੀ ਤਾਰੀਫ਼ ਸੁਣੀ ਸੀ । ਉਹਨਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਕੇ ਬੜੀ ਪ੍ਰਸੰਨਤਾ ਹੋਈ । ਇਸੇ ਤਰ੍ਹਾਂ ਲੜੀ ਵਾਰ ਰਾਗੀ ਸਿੰਘਾਂ ਨਾਲ ਮੁਲਾਕਾਤਾਂ ਪ੍ਰਕਾਸ਼ਤ ਕਰਿਆ ਕਰੋ । ਬਾਣੀ ਦੇ ਮਹੱਤਵ ਬਾਰੇ ਪੂਰਾ ਚਾਨਣਾ ਪਹਿਲਾਂ ਸਾਨੂੰ ਹੋਣਾ ਚਾਹੀਦਾ ਹੈ ਤਾਂ ਹੀ ਬਾਅਦ ਵਿਚ ਕੀਰਤਨ ਦਾ

ਰਸ ਆਉਂਦਾ ਹੈ। ਇਸ ਦਾ ਸੁਧ ਉਚਾਰਣ ਕਿਵੇਂ ਕੀਤਾ ਜਾਵੇ ਇਸ ਬਾਰੇ ਵੀ ਤੁਹਾਨੂੰ ਲੜੀਵਾਰ ਲੇਖ ਪ੍ਰਸਿੱਧ ਵਿਦਵਾਨਾਂ ਨਾਲ ਸੰਪਰਕ ਕਰ ਕੇ ਪ੍ਰਕਾਸ਼ਿਤ ਕਰਾਉਣੇ ਚਾਹੀਦੇ ਹਨ। ਇਕ ਅਜਿਹਾ ਕਾਲਮ ਵੀ ਪਾਠਕਾਂ ਲਈ ਸ਼ੁਰੂ ਕਰੋ ਜਿਸ ਵਿਚ ਜਗਿਆਸੂ ਪਾਠਕਾਂ ਨੂੰ ਸਵਾਲਾਂ ਦੇ ਜਵਾਬ ਮਿਲ ਸਕਣ।

ਦੂਸਰਾ ਅੱਜਕੱਲ ਗੁਰਬਾਣੀ ਬੜੇ ਹੀ ਨਾਟਕੀ ਢੰਗ ਨਾਲ ਪੇਸ਼ ਕੀਤੀ ਜਾਂਦੀ ਹੈ ਜੋ ਕਿ ਕਈ ਵਾਰੀ ਬੜੀ ਅਜੀਬ ਸਥਿਤੀ ਪੈਦਾ ਕਰ ਦਿੰਦੀ ਹੈ। ਅੱਵਲ ਤਾਂ ਗੁਰਬਾਣੀ ਧਾਰਾ ਪ੍ਰਵਾਹ ਹੋਣੀ ਚਾਹੀਦੀ ਹੈ ਤੇ ਬਾਅਦ ਵਿਚ ਜੇ ਲੋੜ ਹੋਵੇ ਤਾਂ ਇਸ ਦੀ ਵਿਆਖਿਆ ਕਰ ਦਿੱਤੀ ਜਾਵੇ ਪਰ ਜੇ ਵਿਆਖਿਆ ਕਰਨੀ ਹੀ ਹੈ ਤਾਂ ਉਹ ਸੁਣਨ ਵਾਲੇ ਨੂੰ ਸਹਿਜ ਸੁਭਾਅ ਲੱਗਣੀ ਚਾਹੀਦੀ ਹੈ ਨਾ ਕਿ ਨਾਟਕੀ। ਪ੍ਰਸਿੱਧ ਤੀਰਥ ਸਥਾਨਾਂ ਉਤੇ ਵੀ ਧਾਰਾਪ੍ਰਵਾਹ ਕੀਰਤਨ ਚਲਦਾ ਹੈ।

ਅੱਜ ਕੱਲ ਸੰਗਤ ਦਾ ਕੀਰਤਨ ਦਰਬਾਰ ਕਰਵਾਉਣ ਵੱਲ ਬਹੁਤ ਧਿਆਨ ਹੈ ਜਾਂ ਕਹਿ ਲਓ ਰੁਝਾਨ ਹੈ। ਪਰ ਰਾਗੀ ਜਥੇ ਆਪਣੇ ਕੀਰਤਨ ਦਰਬਾਰ ਵਿਚ ਪਹੁੰਚਣ ਦੀ ਕੀਮਤ ਦੱਸ ਕੇ ਇਕ ਵਾਰੀ ਤਾਂ ਸ਼ਰਧਾਲੂ ਨੂੰ ਭੰਬਲ ਭੂਸੇ ਵਿਚ ਪਾ ਦਿੰਦੇ ਹਨ। ਮੇਰੀ ਅਕਾਲ ਤਖਤ ਦੇ ਜਥੇਦਾਰ ਸਾਹਿਬ ਨੂੰ ਇਹ ਅਪੀਲ ਹੈ ਕਿ ਰਾਗੀ ਸਿੰਘਾਂ ਦਾ ਮੁਆਵਜ਼ਾ ਨਿਸ਼ਚਿਤ ਰੂਪ ਵਿਚ ਮਿਥਿਆ ਜਾਣਾ ਚਾਹੀਦਾ ਹੈ ਕਿ ਕੋਈ ਗੁਰਬਾਣੀ ਦੀ ਓਟ ਦਾ ਨਾਜਾਇਜ਼ ਲਾਭ ਨਾ ਉਠਾ ਸਕੇ। ਅੱਜ ਕੱਲ ਸਿਖ ਸਭਿਆਚਾਰ ਨੂੰ ਨਸ਼ਟ ਕਰਨ ਦੀ ਇਕ ਹੋਰ ਸਾਜ਼ਿਸ ਚਲ ਰਹੀ ਹੈ। ਉਹ ਹੈ ਸ਼ਬਦਾਂ ਵਿਚ ਬੰਸਰੀ ਦਾ ਵੱਜਣਾ। ਸਿੱਖਾਂ ਲਈ ਕੀਰਤਨ ਕਰਦੇ ਸਮੇਂ ਮੂੰਹ ਨਾਲ ਵਜਾਇਆ ਜਾਣ ਵਾਲਾ ਹਰ ਸਾਜ਼ ਵਰਜਿਤ ਹੈ। ਇਸ ਨੂੰ ਸਾਨੂੰ ਸਖ਼ਤ ਅਵਾਜ਼ ਉਠਾ ਕੇ ਠੱਲ ਪਾਉਣੀ ਚਾਹੀਦੀ ਹੈ। ਤੇ ਪੁਰਾਤਨ ਰਵਾਇਤਾਂ ਨੂੰ ਜ਼ਿੰਦਾ ਰੱਖਣਾ ਚਾਹੀਦਾ ਹੈ। ਤਬਲਾ ਅਤੇ ਕੀਰਤਨ ਸਿਖਾਉਣ ਬਾਰੇ ਵੀ ਫੀਚਰ ਪ੍ਰਕਾਸ਼ਤ ਕਰੋ। ਜੇ ਕੋਈ ਚੰਗੀਆਂ ਸੰਸਥਾਵਾਂ ਤੁਹਾਡੀ ਨਿਗਾਹ ਵਿਚ ਹੋਣ ਤਾਂ ਪਤੇ ਪ੍ਰਕਾਸ਼ਤ ਕਰਨੇ।

ਹਰਕੰਵਲ ਜੀਤ ਸਿੰਘ ਖਾਲਸਾ, ਚੰਡੀਗੜ੍ਹ।

ਅੰਮ੍ਰਿਤ ਕੀਰਤਨ ਮਾਸਕ ਪੱਤਰ ਦੀ ਲੱਖ ਲੱਖ ਵਧਾਈ ਦਿੰਦੇ ਹਾਂ ਕਿਉਂਕਿ ਤੁਸੀਂ ਸਿੱਖ ਜਗਤ ਨੂੰ ਸੰਗੀਤ ਸਿਖਲਾਈ ਦਾ ਬਹੁਤ ਚੰਗਾ ਰਸਤਾ ਦਿਖਾ ਰਹੇ ਹੋ। ਮੈਗਜ਼ੀਨ ਬਹੁਤ ਪੜ੍ਹੇ ਹਨ ਸੰਗੀਤ ਬਾਰੇ, ਪਰ ਤੁਹਾਡੇ ਮੈਗਜ਼ੀਨ ਬਾਰੇ ਬਹੁਤ ਰਾਗੀਆਂ ਵਲੋਂ ਇਹ ਹੁੰਗਾਰਾ ਮਿਲਿਆ ਹੈ ਕਿ ਬਹੁਤ ਸਿੱਖਿਆਦਾਇਕ ਮੈਗਜ਼ੀਨ ਹੈ। ਅਸੀਂ ਅਰਦਾਸ ਕਰਦੇ ਹਾਂ ਪ੍ਰਮਾਤਮਾ ਅੰਮ੍ਰਿਤ ਕੀਰਤਨ ਮੈਗਜੀਨ ਨੂੰ ਚੜ੍ਹਦੀ ਕਲਾ ਬਖਸ਼ੇ॥

ਪ੍ਰੋ: ਅਰਵਿੰਦਰਪਾਲ ਸਿੰਘ, ਮਿਊਜ਼ਿਕ ਮਾਸਟਰ, ਜੀ.ਟੀ. ਰੋਡ ਮਲੋਟ।

ਇੱਕ ਪਿਆਰੀ ਸ਼ਖਸੀਅਤ

# ਡਾਕਟਰ ਭਾਈ ਸਰਬ ਸਿੰਘ

ਸਵ. ਅਨੁਵੰਤ ਕੌਰ

ਭਾਈ ਸਰਬ ਸਿੰਘ ਜੀ ਆਪਣੇ ਸਮੇਂ ਦੇ ਉਤਕ੍ਰਿਸ਼ਟ ਰਾਗੀ ਹੋਏ ਹਨ। ਆਪ ਪੂਰਨ ਗੁਰਸਿੱਖ ਅਤੇ ਗੁਰੂ ਨਾਨਕ ਦੇ ਦਰ ਦੇ ਉਘੇ ਢਾਢੀ ਸਨ। ਆਪ ਉਚ-ਕੋਟੀ ਦੇ ਵਿਦਵਾਨ ਤੇ ਨਿਸ਼ਕਾਮ ਸੇਵਕ ਸਨ। ਆਪ 14 ਸਾਲ ਦੀ ਅਵਸਥਾ ਤੋਂ ਲੈਕੇ ਅੰਤ ਸਮੇਂ ਤੀਕ ਕੀਰਤਨ ਅਤੇ ਪ੍ਰਚਾਰ ਦੁਆਰਾ ਕੌਮ ਦੀ ਸੇਵਾ ਕਰਦੇ ਰਹੇ।

ਆਪ ਦਾ ਜਨਮ ਪਿੰਡ ਮੌਜ਼ਾ ਲੂੰਦਖੜ, ਜ਼ਿਲ੍ਹਾ ਮਦਰਾਨ ਵਿਖੇ (N. W. F. P.) 1908 ਵਿੱਚ ਹੋਇਆ। ਆਪ ਦੀ ਮਾਤਾ ਜੀ ਦਾ ਨਾਂ ਸਾਈਂ ਦਿੱਤੀ ਅਤੇ ਪਿਤਾ ਜੀ ਦਾ ਨਾਂ ਸ: ਮੱਖਣ ਸਿੰਘ ਸੀ। ਕੁਝ ਚਿਰ ਪਿੰਡ ਵਿਚ ਰਹਿਣ ਤੋਂ ਪਿੱਛੋਂ ਆਪ ਆਪਣੀ ਮਾਤਾ ਦੇ ਨਾਲ ਮਰਦਾਨ ਆ ਗਏ ਤੇ ਇੱਥੇ ਹੀ ਸਕੂਲ ਵਿੱਚ ਪੜ੍ਹਨਾ ਅਰੰਭ ਕੀਤਾ।

ਬਚਪਨ ਤੋਂ ਹੀ ਆਪ ਦੀਆਂ ਰੁਚੀਆਂ ਧਾਰਮਕ ਸਨ। ਆਪ ਪਰਵਾਰ ਦੇ ਜੀਆਂ ਤੋਂ ਅਲੱਗ ਤੇ ਉੱਚਾ ਸੋਚਦੇ ਸਨ। ਇਕ ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਤੇ ਸਟੇਜ ਤੇ ਖਲੋ ਕੇ ਆਪ ਜੀ ਨੇ ਬੜੇ ਜੋਸ਼ ਵਿੱਚ ਕਵਿਤਾ ਪੜ੍ਹੀ ਤਾਂ ਪ੍ਰਸਿੱਧ ਹਿਸਟੋਰੀਅਨ ਬਾਵਾ ਪ੍ਰੇਮ ਸਿੰਘ ਹੋਤੀ ਦੀ ਨਜ਼ਰ ਆਪ ਤੇ ਪਈ। ਆਪ ਦੀ ਸੋਹਣੀ ਸੂਰਤ ਤੇ ਸੁਰੀਲੀ ਅਵਾਜ਼ ਜਿਵੇਂ ਉਨ੍ਹਾਂ ਨੂੰ ਮੋਹਿਤ ਹੀ ਕਰ ਗਈ ਤੇ ਉਸ ਦਿਨ ਤੋਂ ਆਪ ਉਨ੍ਹਾਂ ਦੀ ਅਗਵਾਈ ਵਿੱਚ ਵਿੱਦਿਆ ਤੇ ਤਰਬੀਅਤ ਪਾਉਣ ਲੱਗੇ।

ਪੰਥ ਦੇ ਪ੍ਰਸਿੱਧ ਕੀਰਤਨੀਏ, ਭਾਈ ਸਾਹਿਬ, ਭਾਈ ਹੀਰਾ ਸਿੰਘ ਜੀ ਇਕ ਸਮੇਂ ਜਦੋਂ ਹੋਤੀ ਮਰਦਾਨ ਆਏ ਤਾਂ ਭਾਈ ਸਰਬ ਸਿੰਘ ਦੀ ਆਯੂ ਲਗਭਗ 13-14 ਸਾਲ ਦੀ ਸੀ। ਆਪ ਦੋਵੇਂ ਵੇਲੇ ਉਹਨਾਂ ਦਾ ਕੀਰਤਨ ਸੁਣਦੇ ਸਨ। ਇਕ ਦਿਨ ਭਾਈ ਸਾਹਿਬ ਜੀ ਦੀ ਦ੍ਰਿਸ਼ਟੀ ਆਪ ਤੇ ਪਈ ਤਾਂ ਕਹਿਣ ਲੱਗੇ, "ਕਾਕਾ ਕੀਰਤਨ ਕਰਿਆ ਕਰ"। ਆਪ ਨੇ ਉੱਤਰ ਦਿੱਤਾ "ਮੈਨੂੰ ਵਾਜਾ ਨਹੀਂ ਆਉਂਦਾ ਅਤੇ ਨਾ ਹੀ ਇਤਨੀ ਮਾਇਕ ਸ਼ਕਤੀ ਹੈ ਕਿ ਟਿਊਸ਼ਨ ਦੇਕੇ ਸਿੱਖ ਸਕਾਂ। ਪਰ ਮੈਨੂੰ ਕੀਰਤਨ ਦਾ ਸ਼ੌਕ ਬਹੁਤ ਹੈ।" ਭਾਈ ਸਾਹਿਬ ਜੀ ਬਾਲਕ ਤੇ ਤਰੁਠ ਪਏ। ਉਹਨਾਂ ਨੇ ਗੁਰੂ ਗਰੰਥ ਸਾਹਿਬ ਜੀ ਦੇ ਕਮਰੇ ਵਿੱਚ ਜਾ ਕੇ ਅਰਦਾਸਾ ਸੋਧਿਆ ਅਤੇ ਬਾਲਕ ਸਰਬ ਸਿੰਘ ਨੂੰ ਵਾਜੇ ਉਤੇ ਇਕ ਸ਼ਬਦ ਸਿਖਾਇਆ। ਭਾਈ ਸਾਹਿਬ ਜੀ ਦਾ ਦਿੱਤਾ ਹੋਇਆ ਇਹ ਪਹਿਲਾ ਪਾਠ ਬਰਕਤਾਂ ਦਾ ਭੰਡਾਰ ਹੋ ਨਿਬੜਿਆ ਤੇ ਦਿਨਾਂ ਵਿੱਚ ਹੀ ਕਾਕਾ ਸਰਬ ਸਿੰਘ ਦੇ ਕੀਰਤਨ ਤੇ ਵਿਆਖਿਆ ਦੀਆਂ ਧੁੰਮਾਂ ਇਲਾਕੇ ਵਿੱਚ ਪੈ ਗਈਆਂ।

22 ਸਾਲ ਦੀ ਅਵੱਸਥਾ ਵਿਚ ਆਪ ਦੀ ਸ਼ਾਦੀ ਬੀਬੀ ਕ੍ਰਿਸ਼ਨ ਕੌਰ, ਸਪੁੱਤਰੀ ਸ: ਆਤਮਾ ਸਿੰਘ ਜੀ, ਨਾਲ ਪਿਸ਼ਾਵਰ ਵਿਖੇ ਹੋਈ । ਆਪ ਸਧਾਰਨ ਘਰਾਣੇ ਨਾਲ ਸਬੰਧ ਰੱਖਦੇ ਸਨ ਪਰ ਆਪ ਦੀ ਬਰਾਤ ਵਿੱਚ ਹੋਤੀ ਮਰਦਾਨ ਦੇ ਸਾਰੇ ਧਨਵੰਤ ਸ਼ਾਮਲ ਹੋਏ ।

ਆਪ ਨੇ ਆਪਣੀ ਪਤਨੀ ਨੂੰ, ਆਉਂਦਿਆਂ ਹੀ ਇਕ ਸ਼ਬਦਾਂ ਦਾ ਗੁਟਕਾ ਦਿੱਤਾ ਅਤੇ ਕਿਹਾ ਕਿ ਉਹ ਵੱਧ ਤੋਂ ਵੱਧ ਸ਼ਬਦ ਜ਼ਬਾਨੀ ਯਾਦ ਕਰਨ । ਨਾਲ ਹੀ ਉਨ੍ਹਾਂ ਨੂੰ ਵੀ ਕੀਰਤਨ ਸਿਖਾ ਦਿੱਤਾ ਤੇ ਇਸ ਤਰ੍ਹਾਂ ਇਹ ਦੰਪਤੀ ਕਈ ਵਰ੍ਹੇ ਸ੍ਰੀ ਗੁਰੂ ਸਿੰਘ ਸਭਾ ਹੋਤੀ ਮਰਦਾਨ ਵਿੱਚ ਨੇਮ ਨਾਲ, ਸਵੇਰੇ ਚਾਰ ਵਜੇ ਤੋਂ ਅਰੰਭ ਕਰਕੇ, ਕੀਰਤਨ ਦੀ ਸੇਵਾ ਕਰਦੇ ਰਹੇ ।

ਆਪ ਨੇ ਆਪਣੀ ਉਪ ਜੀਵਕਾ ਲਈ ਪਹਿਲਾਂ ਡਾਕਟਰ ਪ੍ਰੇਮ ਸਿੰਘ ਜੀ ਪਾਸੋਂ ਕੰਪਾਊਂਡਰ ਦਾ ਅਤੇ ਫਿਰ ਡਾਕਟਰ ਸ੍ਰੀ ਰਾਮ ਡੈਂਟਲ ਸਰਜਨ ਤੋਂ ਦੰਦਾਂ ਦਾ ਕੰਮ ਸਿੱਖਿਆ ਅਤੇ ਡਾਕ ਰਾਹੀਂ ਪੜ੍ਹਾਈ ਕਰਕੇ ਡਿਗਰੀ ਹਾਸਲ ਕੀਤੀ । ਕੁਝ ਸਮੇਂ ਪਿੱਛੋਂ ਆਪ ਨੇ ਹੋਤੀ ਮਰਦਾਨ ਵਿੱਚ ਹੀ ਡੈਂਟਲ ਸਰਜਰੀ ਦੀ ਪ੍ਰੈਕਟਿਸ ਆਪਣੀ ਦੁਕਾਨ ਪਾ ਕੇ ਆਰੰਭ ਕਰ ਦਿੱਤੀ । ਦਿਨਾਂ ਵਿਚ ਹੀ ਆਪ ਦੀ ਦੁਕਾਨ ਖੂਬ ਚੱਲ ਗਈ । ਕਾਰਨ ਇਹ ਕਿ ਆਪ ਦਾ ਸੁਭਾਉ ਬਹੁਤ ਹੀ ਮਿਲਾਪੜਾ ਤੇ ਪਿਆਰ ਵਾਲਾ ਸੀ ਅਤੇ ਗਰੀਬ ਗੁਰਬੇ ਦਾ ਮੁਫ਼ਤ ਇਲਾਜ ਕਰਨ ਤੋਂ ਇਲਾਵਾ ਦਵਾਈ ਆਦਿ ਵੀ ਮੁਫ਼ਤ ਹੀ ਦੇ ਦਿਆ ਕਰਦੇ ਸਨ । ਪਠਾਣ ਲੋਕ ਆਪ ਨੂੰ ਬਹੁਤ ਹੀ ਪਿਆਰ ਕਰਦੇ ਸਨ ।

ਇਨ੍ਹਾਂ ਦਿਨਾਂ ਵਿੱਚ ਹੀ ਆਪ ਨੇ ਇੱਕ ਅਕਾਲ ਸੈਨਾ ਸਥਾਪਤ ਕੀਤੀ ਅਤੇ ਕਈ ਸਾਲ ਇਸ ਦੇ ਜਨਰਲ ਸੈਕਟਰੀ ਰਹੇ । ਦਿਨ ਦੇ ਕੰਮ ਕਾਰ ਤੋਂ ਵਿਹਲੇ ਹੋ ਕੇ ਰਾਤ ਦੇ ਸਮੇਂ ਸਿੰਘਾਂ ਦੀ ਭਰਤੀ ਕਰਦੇ ਤੇ ਉਨ੍ਹਾਂ ਨੂੰ ਪ੍ਰੇਡ ਕਰਵਾਉਂਦੇ । ਟੀਚਾ ਤੇ ਅਰਦਾਸ ਇਹ ਸ਼ਬਦ ਹੁੰਦਾ ਸੀ :—

ਖਗ ਖੰਡ ਬਿਹੰਡੰ, ਖਲ ਦਲਖੰਡੰ

ਜਦੋਂ ਹੋਤੀ ਮਰਦਾਨ ਦੇ ਇੱਕ ਪ੍ਰਸਿੱਧ ਰਈਸ ਨੇ ਬਾਬਾ ਫੂਲਾ ਸਿੰਘ ਅਕਾਲੀ ਦੀ ਸਮਾਧ ਨੌਸ਼ਹਿਰੇ ਦੀ ਜ਼ਮੀਨ ਤੇ ਨਾਜਾਇਜ਼ ਕਬਜ਼ਾ ਕੀਤਾ ਤਾਂ ਆਪ ਨੇ ਅਕਾਲ ਸੈਨਾ ਦੇ ਜਥੇ ਨਾਲ ਸਮਾਧ ਤੇ ਚੜ੍ਹਾਈ ਕੀਤੀ ਅਤੇ ਰਈਸ ਵਲੋਂ ਲਿਆਂਦੇ ਹੋਏ ਹਥਿਆਰ ਬੰਦ ਪਠਾਣਾਂ ਨੂੰ ਪਛਾੜ ਕੇ ਗੁਰ-ਦੁਆਰੇ ਦੀ ਜ਼ਮੀਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤੀ । ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੇ ਕਾਰਨ ਉਹ ਰਈਸ ਇਨ੍ਹਾਂ ਦੀ ਜਾਨ ਦਾ ਵੈਰੀ ਹੋ ਗਿਆ ਅਤੇ ਇੱਕ ਪਠਾਣ ਨੂੰ ਪੰਜ ਸੌ ਰੁਪਿਆ ਤੇ ਪਿਸਤੌਲ ਦੇ ਕੇ ਇਨ੍ਹਾਂ ਨੂੰ ਮਾਰਨ ਲਈ ਭੇਜਿਆ । ਕੁਦਰਤ ਦੀ ਕਰਨੀ, ਉਹ ਪਠਾਣ ਬੇਸ਼ਕ ਰਈਸ ਦਾ ਸੇਵਕ ਸੀ ਪਰ ਡਾਕਟਰ ਸਾਹਿਬ ਪਾਸੋਂ ਕਈ ਵਾਰੀ ਦੰਦਾਂ ਦਾ ਇਲਾਜ ਕਰਵਾ ਕੇ ਗਿਆ ਸੀ ਤੇ ਉਨ੍ਹਾਂ ਦੇ ਪਿਆਰ ਵਾਲੇ ਤੇ ਗਰੀਬ ਤਰਸੀ ਸੁਭਾਅ ਤੇ ਮੁਗਧ ਸੀ । ਉਸਨੇ ਆਪ ਹੀ ਆ ਕੇ ਇਨ੍ਹਾਂ ਨੂੰ ਸਾਰੀ ਵਿਥਿਆ ਦਸੀ ਅਤੇ ਨਾਲ ਹੀ ਆਪਣੀ ਜਾਨ ਦਾ ਵਾਸਤਾ ਪਾ ਕੇ ਸ਼ਹਿਰ ਛੱਡਣ ਲਈ ਮਜਬੂਰ ਕੀਤਾ ।

ਸੋ ਲਗਭਗ 1940 ਦੇ ਅੰਤ ਵਿਚ ਆਪ ਹੋਤੀ ਮਰਦਾਨ ਛੱਡ ਆਏ ਅਤੇ ਰਾਵਲ ਪਿੰਡੀ ਆ ਵਸੇ । ਇੱਥੇ ਵੀ ਆਉਂਦਿਆਂ ਹੀ ਆਪਣੀ ਦੁਕਾਨ ਪਾ ਲਈ ਅਤੇ ਨਾਲ ਹੀ ਗੁਰਦੁਆਰਾ ਮਾਈ

ਵੀਰੋ ਦੀ ਬੰਨੀ ਵਿੱਚ ਅੰਮ੍ਰਿਤ ਵੇਲੇ ਦਾ ਕੀਰਤਨ ਅਰੰਭ ਦਿੱਤਾ। ਛੇਤੀ ਹੀ ਆਪ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲ ਗਈ ।

ਆਪ ਨੂੰ ਸਿਖ-ਇਤਿਹਾਸ ਤੇ ਗੁਰਬਾਣੀ ਦੀ ਖੋਜ ਦਾ ਸ਼ੌਕ ਤਾਂ ਅਰੰਭ ਤੋਂ ਹੀ ਸੀ ਤੇ ਜੀਵਨ ਨੂੰ ਇੰਨ ਬਿੰਨ ਸਿੱਖੀ ਪੂਰਨਿਆਂ ਤੇ ਢਾਲਿਆ ਹੋਇਆ ਸੀ। ਪ੍ਰੰਤੂ ਸੋਨੇ ਤੇ ਸੁਹਾਗੇ ਦਾ ਕੰਮ ਹੋ ਗਿਆ ਜਦੋਂ ਸਿੱਖ ਐਜੂਕੇਸ਼ਨਲ ਕਾਨਫਰੰਸ ਲਾਹੌਰ ਵਿੱਚ ਸ੍ਰੀ ਮਾਨ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ ਅਤੇ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਛੋਹ ਆਪ ਨੂੰ ਪ੍ਰਾਪਤ ਹੋਈ। ਇਸ ਪਿੱਛੋਂ ਆਪ ਨੇ ਪੂਰੀ ਤਰ੍ਹਾਂ ਆਪਣੇ ਆਪ ਨੂੰ ਕੌਮ ਦੀ ਸੇਵਾ ਲਈ ਅਰਪਨ ਕਰ ਦਿੱਤਾ। ਇਸ ਤੋਂ ਪਹਿਲਾਂ ਆਪ ਦਾੜ੍ਹਾ ਬੰਨ ਕੇ ਰੱਖਦੇ ਸਨ। ਹੁਣ ਖੁੱਲਾ ਰੱਖਣਾ ਅਰੰਭ ਕਰ ਦਿੱਤਾ। ਸਫੇਦ ਕੁੜਤਾ ਪਜਾਮਾ ਤੇ ਦੱਸਤਾਰਾ ਪਹਿਨਣ ਲੱਗੇ। ਸਰਦੀਆਂ ਵਿੱਚ ਉਪਰ ਕਾਲਾ ਅਚਕਨ ਪਹਿਨਦੇ। ਅਜਿਹੀ ਪ੍ਰਭਸ਼ਾਵਾਲੀ ਸ਼ਖਸੀਅਤ ਲੱਗਦੇ ਕਿ ਜਦੋਂ ਸਟੇਜ ਤੇ ਬੈਠ ਕੇ ਆਪਣੇ ਸੁਰੀਲੇ ਗਲੇ ਵਿੱਚੋਂ ਅਵਾਜ਼ ਕੱਢਦੇ ਤਾਂ ਸੁੱਤਿਆਂ ਦੇ ਦਿਲਾਂ ਦੀਆਂ ਤਰਬਾਂ ਧੁਰ ਉਪਰ ਸਾਂਈ ਨਾਲ ਜੋੜ ਦਿੰਦੇ। ਸੰਤ ਸੰਗਤ ਸਿੰਘ ਜੀ ਮਹਾਰਾਜ ਦੀ ਪ੍ਰੇਰਨਾ ਸਦਕਾ ਆਪ ਨੇ ਕੁਝ ਚਿਰ ਲਈ ਦੁਕਾਨ ਬੰਦ ਕਰ ਦਿੱਤੀ ਤੇ ਪਰਚਾਰ ਅਰੰਭ ਦਿੱਤਾ। ਆਪ ਜੀ ਦੀ ਪ੍ਰੇਰਨਾ ਨਾਲ ਸੈਂਕੜੇ ਹੀ ਲੋਕਾਂ ਨੇ ਅੰਮ੍ਰਿਤ ਪਾਨ ਕੀਤਾ । ਆਪ ਨੇ ਕਈ ਵਾਰੀ ਕਰਾਚੀ ਸਿੰਧ ਤੇ ਬੰਬਈ ਤੱਕ ਦੇ ਦੌਰੇ ਕੀਤੇ। ਬੱਚਿਆਂ ਨਾਲ ਉਨ੍ਹਾਂ ਨੂੰ ਸਦਾ ਹੀ ਬਹੁਤ ਪਿਆਰ ਰਿਹਾ। ਦੀਵਾਨ ਵਿੱਚ ਆਮ ਵਕਤਾ ਦੀ ਇੱਛਾ ਹੁੰਦੀ ਹੈ ਕਿ ਬੱਚਿਆਂ ਨੂੰ ਬਾਹਰ ਕੱਢ ਦਿੱਤਾ ਜਾਏ ਜਾਂ ਪਿਛੇ ਬਿਠਾਇਆਂ ਜਾਏ। ਪਰ ਆਪ ਦਾ ਅਸੂਲ ਇਸ ਦੇ ਉਲਟ ਸੀ। ਆਪ ਬੱਚਿਆਂ ਨੂੰ ਸਦਾ ਹੀ ਪਹਿਲੀਆਂ ਕਤਾਰਾਂ ਵਿੱਚ ਬਿਠਾਉਂਦੇ ਅਤੇ ਵਿਆਖਿਆ ਵਿੱਚ ਉਨ੍ਹਾਂ ਨੂੰ ਸੰਬੋਧਨ ਕਰਦੇ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਹ ਕੌਮ ਦੀ ਪਨੀਰੀ ਹੈ। ਇਸ ਨੂੰ ਅਸੀਂ ਪੂਰਨ ਅਨੁਸ਼ਾਸਨ ਦੀ ਟਰੇਨਿੰਗ ਦੇਣੀ ਹੈ। ਕਮਾਲ ਦੀ ਗੱਲ ਹੈ ਕਿ ਇਨ੍ਹਾਂ ਦੇ ਦੀਵਾਨਾਂ ਵਿੱਚ ਸੈਂਕੜੇ ਬੱਚੇ ਹੁੰਦੇ ਸਨ ਪਰ ਕਦੇ ਕੋਈ ਬੱਚਾ ਅਨੁਸ਼ਾਸਨ ਭੰਗ ਨਹੀਂ ਸੀ ਕਰਦਾ।

ਰਾਵਲ ਪਿੰਡੀ ਰਹਿੰਦਿਆਂ, ਆਪ ਗਰਮੀਆਂ ਦੇ ਛੇ ਮਹੀਨੇ ਪਰਵਾਰ ਸਮੇਤ ਕੋਹਮਰੀ ਆ ਜਾਂਦੇ ਸਨ। ਤੇ ਇਥੇ ਵੀ ਸਭ ਬੱਚਿਆਂ ਨੂੰ ਇਕੱਠਾ ਕਰਕੇ ਬਾਣੀ ਦਾ ਪਾਂਠ ਸਿਖਾਉਂਦੇ ਤੇ ਅੰਮ੍ਰਿਤ ਪਾਨ ਕਰਵਾਉਂਦੇ ਸਨ । ਬੱਚਿਆਂ ਦੇ ਉਤਸ਼ਾਹ ਲਈ ਪਾਠ ਸੁਣਾਉਣ ਦੇ ਇਨਾਮੀ ਮੁਕਾਬਲੇ ਕਰਵਾਉਂਦੇ ਅਤੇ ਆਪਣੇ ਪਾਸੋਂ ਇਨਾਮ ਵੰਡਿਆ ਕਰਦੇ ਸਨ। ਉਹ ਹੀ ਬੱਚਾ ਉਨ੍ਹਾਂ ਨੂੰ ਸਭ ਤੋਂ ਪਿਆਰਾ ਹੁੰਦਾ ਜੋ ਵੱਧ ਤੋਂ ਵੱਧ ਬਾਣੀ ਯਾਦ ਕਰਦਾ। ਇਸ ਤਰ੍ਹਾਂ ਕਈ ਸਾਲ ਇਹ ਪਰਵਾਰ ਚੱਲਦਾ ਰਿਹਾ ਅਤੇ ਅਣਗਿਣਤ ਬੱਚੇ ਇਨ੍ਹਾਂ ਦੇ ਯਤਨਾਂ ਨਾਲ ਜੁੜੇ।

1947 ਵਿੱਚ ਜਦੋਂ ਦੇਸ਼ ਦੀ ਵੰਡ ਹੋਈ ਤਾਂ ਆਪ ਪਰਵਾਰ ਸਮੇਤ ਪਟਿਆਲੇ ਆ ਗਏ। ਹੁਣ ਤੱਕ ਹਰੇਕ ਕੰਮ ਆਪਣੇ ਮਹਿਬੂਬ ਸੰਤ ਸੰਗਤ ਸਿੰਘ ਜੀ ਮਹਾਰਾਜ ਦੀ ਆਗਿਆ ਨਾਲ ਕਰਦੇ ਆਏ ਸਨ। ਸੋ ਹੁਣ ਵੀ ਉਨ੍ਹਾਂ ਦੀ ਆਗਿਆ ਨਾਲ ਹੀ ਪਟਿਅਲੇ ਵਿੱਚ ਚੌਕ ਕਿਲ੍ਹਾ ਮੁਬਾਰਕ ਵਿੱਚ ਦੰਦਾਂ ਅਤੇ ਐਨਕਾਂ ਦੀ ਦੁਕਾਨ ਆਰੰਭ ਕਰ ਲਈ ਤੇ ਨਾਲ ਹੀ ਕੀਰਤਨ ਦੀ ਸੇਵਾ ਜਾਰੀ ਰੱਖੀ। ਸਵੈਨਿਰ-ਭਰਤਾ ਤੇ ਕਾਦਰ ਤੇ ਇਤਨਾ ਦ੍ਰਿੜ ਵਿਸ਼ਵਾਸ ਸੀ ਕਿ ਗੰਭੀਰ ਮਾਇਕ ਔਕੜਾਂ ਸਮੇਂ ਵੀ ਕੈਂਪ ਵਿੱਚ

ਰਹਿਣਾ ਅਤੇ ਮੁਫ਼ਤ ਦਾ ਪ੍ਰਸ਼ਾਦਾ ਛਕਣਾ ਸਵੀਕਾਰ ਨਹੀਂ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਜਿੱਥੇ ਅਸੀਂ ਆਪਣਾ ਹਿੱਸਾ ਨਹੀਂ ਪਾ ਸਕਦੇ ਉਥੋਂ ਖਾਣ ਦਾ ਸਾਡਾ ਕੋਈ ਹੱਕ ਨਹੀਂ। ਸੋ ਸਾਰੀਆਂ ਮੁਸੀਬਤਾਂ ਨੂੰ ਖਿੜੇ ਮੱਥੇ ਝੱਲਦੇ ਰਹੇ ਪਰ ਕਿਸੇ ਅੱਗੇ ਹੱਥ ਨਹੀਂ ਫੈਲਾਇਆ ਅਤੇ ਨਾ ਹੀ ਖੰਡੇ ਦਾ ਤਿਆਗ ਕੀਤਾ। ਸਦਾ ਹੀ ਹੰਸੂ ਹੰਸੂ ਕਰਦਾ ਚਿਹਰਾ ਤੇ ਚੜ੍ਹਦੀਆਂ ਕਲਾਂ ਵਿੱਚ ਰਹਿੰਦੇ।

ਇੱਥੇ ਹੀ ਮਾਤਾ ਸਾਹਿਬ ਕੌਰ ਦਾ ਗੁਰਦੁਆਰਾ ਸਥਾਪਿਤ ਕੀਤਾ ਅਤੇ ਅੰਮ੍ਰਿਤ ਵੇਲੇ ਕੀਰ-ਤਨ ਦੀ ਸੇਵਾ ਕਰਕੇ ਆਪ ਆਤਮਿਕ ਖੁਰਾਕ ਪ੍ਰਾਪਤ ਕਰਦੇ ਤੇ ਸੰਗਤਾਂ ਨੂੰ ਨਿਹਾਲ ਕਰਦੇ। ਬਾਲਵਾੜੀ ਇੱਥੇ ਵੀ ਜੁੜ ਗਈ। ਸ਼ਾਮ ਨੂੰ ਅਤੇ ਛੁੱਟੀ ਵਾਲੇ ਦਿਨ ਬੱਚਿਆਂ ਦੇ ਵਿਸ਼ੇਸ਼ ਸਮਾਗਮ ਹੁੰਦੇ। ਜਿਨ੍ਹਾਂ ਵਿਚ ਉਨ੍ਹਾਂ ਨੂੰ ਸ਼ਬਦ ਤੇ ਬਾਣੀਆਂ ਕੰਠ ਕਰਵਾਈਆਂ ਜਾਂਦੀਆਂ ਤੇ ਗੁਰਪੁਰਬਾਂ ਤੇ ਉਨ੍ਹਾਂ ਦੇ ਇਨਾਮੀ ਮੁਕਾਬਲੇ ਕੀਤੇ ਜਾਂਦੇ। ਨਾਲ ਹੀ ਇਸੇ ਸਥਾਨ ਤੇ ਲੜਕੀਆਂ ਲਈ ਮਿਡਲ ਤੱਕ ਸਕੂਲ ਵੀ ਅਰੰਭ ਕਰਵਾ ਦਿੱਤਾ। ਭਾਵੇਂ ਇਸ ਸਾਰੇ ਕਾਰਜ ਲਈ ਕਮੇਟੀ ਵੀ ਚੁਣੀ ਹੋਈ ਸੀ ਪਰ ਮੂਲ ਯਤਨ ਆਪ ਦਾ ਹੁੰਦਾ ਸੀ। ਇਮਾਰਤ ਲੈਣੀ, ਉਗਰਾਹੀ ਕਰਨੀ, ਸਕੂਲ ਦੀ ਮਨਜ਼ੂਰੀ ਲੈਣੀ, ਗ੍ਰਾਂਟ ਆਦਿ ਦਾ ਪ੍ਰਬੰਧ ਕਰਨਾ ਆਦਿ ਆਪ ਦਾ ਹੀ ਕੰਮ ਹੁੰਦਾ ਸੀ। ਸੰਗਤਾਂ ਤਾਂ ਆਪ ਨੂੰ ਪਿਆਰ ਕਰਦੀਆਂ ਹੀ ਸਨ, ਬੱਚਿਆਂ ਦਾ ਆਪ ਨਾਲ ਅਦੁੱਤੀ ਪਿਆਰ ਸੀ। ਸਾਰੇ ਹੀ ਆਪ ਨੂੰ 'ਭਾਪਾ ਜੀ' ਕਹਿਕੇ ਬੁਲਾਉਂਦੇ ਸਨ ਅਤੇ ਹਰ ਬੱਚਾ ਇਹ ਵਿਸ਼ਵਾਸ਼ ਕਰਦਾ ਸੀ ਕਿ ਭਾਪਾ ਜੀ ਮੈਨੂੰ ਸਭ ਤੋਂ ਵਧੇਰੇ ਪਿਆਰ ਕਰਦੇ ਹਨ।

ਘਰ ਘਰ ਵਿੱਚ ਕੀਰਤਨ ਦਾ ਪ੍ਰਵਾਹ ਚਲਾਉਣ, ਸਿਖ ਕੌਮ ਨੂੰ ਅਪਣੀ ਵਿਹਲ ਨੂੰ ਚੰਗੇ ਪਾਸੇ ਲਾਉਣ ਦੀ ਪ੍ਰੇਰਨਾ ਕਰਨ, ਅਤੇ ਬਜ਼ੁਰਗਾਂ ਦੇ ਵਿਰਸੇ ਨੂੰ ਸੰਭਾਲਣ ਲਈ ਆਪ ਜੀ ਨੇ ਇਕ ਨਵਾਂ ਪ੍ਰਯਤਨ ਅਰੰਭਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਵਨ ਸ਼ਹੀਦੀ ਗੁਰਪੁਰਬ ਤੋਂ ਚਾਲੀ ਦਿਨ ਪਹਿਲੇ, ਚਲੀਹੇ ਦਾ ਅਰੰਭ ਕੀਤਾ। ਪਹਿਲਾ ਕੀਰਤਨ ਮਾਤਾ ਸਾਹਿਬ ਕੌਰ ਦਲ ਦੇ ਗੁਰ-ਦੁਆਰੇ ਵਿੱਚ ਤੇ ਬਾਕੀ ਦੇ ਦਿਨ ਵਖੋ ਵਖਰੇ ਮਹਲਿਆਂ ਦੇ ਗੁਰਦਵਾਰਿਆਂ ਜਾਂ ਪ੍ਰੇਮੀਆ ਦੇ ਘਰਾਂ ਵਿੱਚ ਕੀਤਾ ਜਾਂਦਾ। ਇਹ ਕੀਰਤਨ ਰਾਤ ਦੇ ਸਮੇਂ ਖਾਓ ਪੀਓ ਤੋਂ ਵਿਹਲੇ ਹੋ ਕੇ ਅਰੰਭ ਹੁੰਦਾ ਤੇ ਲਗਭਗ 12 ਵਜੇ ਸਮਾਪਤੀ ਹੁੰਦੀ। ਕੀਰਤਨ ਦੇ ਪ੍ਰੇਮੀ ਤੇ ਸੰਗਤ ਹੁਮ ਹੁਮਾ ਕੇ ਜੁੜਦੀ। ਅੰਤਲਾ ਕੀਰਤਨ ਗੁਰਪੁਰਬ ਵਾਲੇ ਦਿਨ ਰਾਤ ਨੂੰ ਕੀਤਾ ਜਾਂਦਾ। ਇੱਥੇ ਹੀ ਚਲੀਹੇ ਦਾ ਭੋਗ ਪਾਇਆ ਜਾਂਦਾ ਅਤੇ ਨਾਲ ਹੀ ਅਤੁੱਟ ਲੰਗਰ ਵਰਤਦਾ। ਇਸ ਲੰਗਰ ਦੀ ਮਰਯਾਦਾ ਵੀ ਆਪ ਨੇ ਨਿਖੜਵੀਂ ਹੀ ਰੱਖੀ। ਸਾਰੀ ਸੰਗਤ ਆਪਣੇ ਆਪਣੇ ਘਰ ਤੋਂ ਇੱਕ ਇੱਕ ਕਿਲੋ ਆਟਾ ਪਕਾ ਕੇ ਲਿਆਉਂਦੀ ਅਤੇ ਦਾਲਾ ਗੁਰਦੁਆਰੇ ਤਿਆਰ ਹੁੰਦਾ। ਇਸ ਤਰ੍ਹਾਂ ਬਿਨਾਂ ਵਿਸ਼ੇਸ਼ ਯਤਨ ਦੇ ਨਿਰੰਤਰ ਲੰਗਰ ਵਰਤਾਉਣ ਪਿਛੋਂ ਵੀ ਤੋਟ ਨਾ ਆਉਂਦੀ।

ਆਪਣੀ ਆਯੂ ਵਿੱਚ ਉਨ੍ਹਾਂ ਨੇ ਇਹੋ ਜਿਹੇ ਤੇਰ੍ਹਾਂ ਚਲੀਹੇ ਪੂਰੇ ਕੀਤੇ। ਆਪ ਇਨ੍ਹਾਂ ਚਾਲੀ ਦਿਨਾਂ ਵਿੱਚ ਇੱਕ ਵਾਰੀ ਵੀ ਗੈਰਹਾਜ਼ਰ ਨਹੀਂ ਸੀ ਹੁੰਦੇ ਅਤੇ ਇਨ੍ਹਾਂ ਦਿਨਾਂ ਵਿੱਚ ਰਾਤ ਦਾ ਖਾਣਾ ਵੀ ਆਮ ਤੌਰ ਤੇ ਨਹੀਂ ਸੀ ਖਾਂਦੇ। ਆਪ ਦੀ ਚਲਾਈ ਹੋਈ ਇਸ ਲਹਿਰ ਤੋਂ ਇਲਾਕੇ ਦੇ ਕਈ ਗੁਰਮੁਖ ਪ੍ਰਾਣੀ ਇਤਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੇ ਆਪਣੇ ਸ਼ਹਿਰ ਵਿਚ ਵੀ ਇਹ ਪ੍ਰਵਾਹ

ਚਲਾ ਦਿੱਤੇ। ਅਬੋਹਰ ਮੰਡੀ, ਸਮਾਣਾ ਮੰਡੀ ਤੇ ਬੰਬਈ ਵਿੱਚ ਵੀ ਇਹ ਪ੍ਰਵਾਹ ਚਲ ਰਹੇ ਹਨ।

ਇਸ ਤਰ੍ਹਾਂ ਹੀ ਨਿਰੰਤਰ ਸੇਵਾ ਕਰਦਿਆਂ ਹੋਇਆਂ ਆਪ ਦਾ ਸਰੀਰ ਕੁਝ ਅਸਵਸਥ ਹੋਣ ਲੱਗ ਪਿਆ ਤੇ 3 ਨਵੰਬਰ 1970 ਨੂੰ 62 ਸਾਲ ਦੀ ਆਯੂ ਭੋਗ ਕੇ ਆਪ ਸਤਿਗੁਰਾਂ ਦੇ ਦੇਸ਼ ਨੂੰ ਚਾਲੇ ਪਾ ਗਏ। ਆਪ ਦਾ ਵਿਛੋੜਾ ਸੰਗਤਾਂ ਲਈ ਅਸਹਿ ਸੀ। ਦੂਰ ਦੂਰ ਤੋਂ ਸੰਗਤਾਂ ਆਪ ਜੀ ਲਈ ਕੀਤੇ ਗਏ ਅਰਦਾਸਿਆਂ ਵਿੱਚ ਸ਼ਾਮਲ ਹੋਈਆਂ। ਰਾਜ ਸਰਕਾਰ ਦੀ ਪੱਧਰ ਤੱਕ ਆਪ ਦੇ ਘਾਟੇ ਨੂੰ ਅਨੁਭਵ ਕੀਤਾ ਗਿਆ। ਅੰਤਿਮ ਅਰਦਾਸੇ ਵਿੱਚ ਸ: ਗਿਆਨ ਸਿੰਘ ਰਾੜੇਵਾਲਾ, ਸ: ਰਵੇਲ ਸਿੰਘ ਮੰਤਰੀ ਤੇ ਸ: ਰਾਜਾ ਨਰਿੰਦਰ ਸਿੰਘ ਸ਼ਾਮਲ ਹੋਏ। ਇਨ੍ਹਾਂ ਸਾਰਿਆਂ ਨੇ ਉਨ੍ਹਾਂ ਨੂੰ ਭਰਪੂਰ ਸ਼ਰਧਾਂਜਲੀਆਂ ਅਰਪਨ ਕੀਤੀਆਂ। ਸ: ਰਾੜੇ ਵਾਲਾ ਦਾ ਸੰਪਰਕ ਉਨ੍ਹਾਂ ਨਾਲ 23 ਸਾਲ ਤੋਂ ਸੀ ਅਤੇ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਅਪਣੇ ਆਪ ਨੂੰ ਸਦਾ ਹੀ ਚੜ੍ਹਦੀਆਂ ਕਲਾਂ ਅਤੇ ਖਿੜੇ ਹੋਏ ਮਸਤਕ ਨਾਲ ਹੀ ਵੇਖਿਆ ਹੈ।

ਸ੍ਰੀ ਮਾਨ ਸੰਤ ਕਰਤ ਰ ਸਿੰਘ ਜੀ ਕਮਾਲੀਏ ਵਾਲਿਆਂ ਨੇ ਆਪ ਨੂੰ ਕਰਮ ਯੋਗੀ ਕਿਹਾ ਅਤੇ ਬਹੁਤ ਹੀ ਬਹੁਮੁਲੇ ਸ਼ਬਦਾਂ ਵਿਚ ਆਪਣਾ ਅੰਤਿਮ ਪਿਆਰ ਅਰਪਨ ਕੀਤਾ।

ਆਪ ਦੇ ਸਦੀਵੀ ਵਿਛੋੜੇ ਸਮੇਂ ਆਪ ਜੀ ਦੇ ਪਿਆਰ ਦੀ ਆਮ ਚਰਚਾ ਸੀ। ਜੋ ਕੋਈ ਵੀ ਸ਼ੋਕ ਪ੍ਰਗਟ ਕਰਨ ਲਈ ਆਉਂਦਾ, ਕਹਿੰਦਾ, "ਭਾਪਾ ਜੀ ਦਾ ਮੇਰੇ ਨਾਲ ਵਿਸ਼ੇਸ਼ ਪਿਆਰ ਸੀ। ਮੈਨੂੰ ਉਹ ਬਹੁਤ ਹੀ ਪਿਆਰ ਕਰਦੇ ਸਨ।" ਪਰਵਾਰ ਦੇ ਜੀਅ ਸੁਣ ਸੁਣ ਕੇ ਹੈਰਾਨ ਹੁੰਦੇ ਸਨ ਕਿ ਭਾਪਾ ਜੀ ਪਾਸ ਕਿੰਨਾਂ ਵੱਡਾ ਪਿਆਰ ਦਾ ਖਜ਼ਾਨਾ ਸੀ ਜੋ ਉਹ ਇਤਨੀ ਖੁਲ-ਦਿਲੀ ਨਾਲ ਵੰਡਦੇ ਰਹੇ ਅਤੇ ਤੋਟ ਫਿਰ ਵੀ ਨਹੀਂ ਆਈ।

ਅਸਲ ਵਿੱਚ ਆਪ ਨੇ ਆਪਣੇ ਜੀਵਨ ਨੂੰ ਗੁਰ-ਸਿੱਖ ਲੀਹਾਂ ਤੇ ਢਾਲਿਆ ਹੋਇਆ ਸੀ। ਇਹ ਹੀ ਕਾਰਨ ਸੀ ਕਿ ਹਰ ਮਿਲਣ ਵਾਲਾ ਉਨ੍ਹਾਂ ਤੋਂ ਬਹੁਤ ਹੀ ਪ੍ਰਭਾਵਿਤ ਹੁੰਦਾ ਸੀ। ਕੇਵਲ ਆਪਣੀ ਕੌਮ ਹੀ ਨਹੀਂ, ਦੂਜੀਆਂ ਜਾਤੀਆਂ ਦੇ ਲੋਕ ਵੀ ਆਪ ਨੂੰ ਇਕ ਪੂਜਯ ਹਸਤੀ ਸਮਝਦੇ ਸਨ।

ਆਪ ਜੀ ਦੀ ਸ਼ਖਸੀਅਤ ਵਿਚ ਮਿਕਨਾਤੀਸੀ ਖਿੱਚ ਸੀ। ਇਹ ਹੀ ਕਾਰਨ ਸੀ ਕਿ ਆਪ ਦੀ ਪ੍ਰੇਰਨਾ ਬਹੁਤ ਹੀ ਪ੍ਰਭਾਵਸ਼ਾਲੀ ਸੀ। ਜਦੋਂ ਇਕ ਵਾਰੀ ਆਪ ਇਕ ਗੁਰਪੁਰਬ ਦੇ ਸਮੇਂ ਤਲਵਾੜੇ' ਗਏ ਤਾਂ ਆਪ ਨੇ ਕਮੇਟੀ ਨੂੰ ਕਿਹਾ ਕਿ ਗੁਰਪੁਰਬ ਵਾਲੇ ਦਿਨ ਗੁਰੂ ਕਾ ਲੰਗਰ ਜ਼ਰੂਰੀ ਹੋਣਾ ਚਾਹੀਦਾ ਹੈ। ਕਮੇਟੀ ਦਾ ਵਿਚਾਰ ਸੀ ਕਿ ਇਤਨੀ ਥੋੜ੍ਹੀ ਸਿੱਖ ਅਬਾਦੀ ਦੇ ਕਾਰਨ ਲੰਗਰ ਤਿਆਰ ਕਰਨਾ ਮੁਸ਼ਕਲ ਹੈ ਤੇ ਦੂਸਰੇ ਪਾਸੇ ਖਾਣ ਵਾਲੀ ਲੇਬਰ ਇਤਨੀ ਹੈ ਕਿ ਪੂਰਾ ਕਰਨਾ ਅਸੰਭਵ ਹੈ। ਆਪ ਨੇ ਕਿਹਾ ਇਹੋ ਜਿਹੀ ਕੋਈ ਅਸੰਭਵ ਗੱਲ ਨਹੀਂ, ਆਪ ਮੇਰੇ ਤੇ ਛੱਡ ਦਿਉ। ਆਪ ਨੇ ਰਾਤ ਦੇ ਦੀਵਾਨ ਵਿੱਚ ਸੰਗਤ ਨੂੰ ਪ੍ਰੇਰਨਾ ਕੀਤੀ, ਕਿ ਹਰ ਘਰ ਆਪਣੇ ਵੱਲੋਂ ਇਕ ਇਕ ਕਿਲੋ ਆਟੇ ਦੇ ਪ੍ਰਸ਼ਾਦੇ ਪਕਾ ਕੇ ਲਿਆਏ, ਦਾਲਾ ਗੁਰਦੁਆਰੇ ਵਿੱਚ ਤਿਆਰ ਕੀਤਾ ਜਾਵੇਗਾ।

ਦੂਸਰੇ ਦਿਨ ਸੰਗਤਾਂ ਲਈ ਲੰਗਰ ਦਾ ਨਜ਼ਾਰਾ ਇਕ ਅਦਭੁਤ ਨਜ਼ਾਰਾ ਬਣ ਗਿਆ।

ਫੁਲਕਿਆਂ ਦੇ ਅੰਬਾਰ ਲਗ ਗਏ ਸ਼ਾਮ ਤਕ ਲੰਗਰ ਵਰਤਦਾ ਰਿਹਾ, ਪਰ ਫਿਰ ਵੀ ਤੋਟ ਨਾ ਆਈ ਅਣਗਿਣਤ ਪਰਸ਼ਾਦੇ ਬਚ ਗਏ ਤਾਂ ਆਪ ਜੀ ਕਮੇਟੀ ਦੇ ਬੰਦਿਆਂ ਨੂੰ ਨਾਲ ਲੈ ਕੇ ਸਟੇਸ਼ਨ ਤੇ ਗਏ ਤੇ ਰਾਤ ਵਾਲੀ ਗੱਡੀ ਦੇ ਮੁਸਾਫਰਾਂ ਨੂੰ ਬਾਕੀ ਦਾ ਸਾਰਾ ਲੰਗਰ ਛਕਾ ਕੇ ਆਏ। ਤਲਵਾੜੇ ਦੇ ਇਤਿਹਾਸ ਵਿੱਚ ਇਹ ਇਕ ਨਵਾਂ ਮੋੜ ਸੀ।

ਆਪ ਜੀ ਦੇ ਨਿੱਜੀ ਜੀਵਨ ਦੇ ਅਸੂਲ ਵੀ ਅਤਿ ਉੱਚੇ ਸਨ । ਕਦੇ ਕਿਸੇ ਦਾ ਦਿਲ ਨਹੀਂ ਸੀ ਦੁਖਾਉਂਦੇ। ਨੌਕਰਾਂ ਨੂੰ ਬਹੁਤ ਪਿਆਰ ਕਰਦੇ ਸਨ। ਕਿਹਾ ਕਰਦੇ ਸਨ, "ਮੈਂ ਜਾਣਦਾ ਹਾਂ ਕਿ ਮਾਲਕ ਦੇ ਝਿੜਕਣ ਤੇ ਨੌਕਰ ਦੇ ਦਿਲ ਤੇ ਕੀ ਗੁਜ਼ਰਦੀ ਹੈ। ਮੈਂ ਨੌਕਰੀ ਦੇ ਦਿਨ ਵੇਖੇ ਹੋਏ ਹਨ। ਇਸ ਲਈ ਇਨ੍ਹਾਂ ਨੂੰ ਕੁਝ ਨਹੀਂ ਕਹਿਣਾ ਚਾਹੀਦਾ।" ਕਈ ਨੌਕਰਾਂ ਨੂੰ ਉਨ੍ਹਾਂ ਨੇ ਬਚਪਨ ਤੋਂ ਆਪਣੇ ਪਾਸ ਰੱਖਿਆ, ਕੰਮ ਸਿਖਾਇਆ ਤੇ ਆਪਣੇ ਹੱਥੀਂ, ਉਨ੍ਹਾਂ ਦੀਆਂ ਸ਼ਾਦੀਆਂ ਕੀਤੀਆਂ। ਲੋੜ-ਵੰਦਾਂ ਨੂੰ ਸਦਾ ਗੁਪਤ-ਦਾਨ ਦਿਆ ਕਰਦੇ ਸਨ।

ਆਪਣਾ ਕੰਮ ਹੱਥੀਂ ਕਰਨ ਦਾ ਉਨ੍ਹਾਂ ਦਾ ਅਸੂਲ ਸੀ। ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਅਜਿਹਾ ਕਰਨ ਦੀ ਕੋਸ਼ਿਸ਼ ਕਰਦੇ, ਰੋਕਣ ਤੇ ਗੁਰਬਾਣੀ ਦੀ ਤੁਕ ਪੜ੍ਹਦੇ :—

"ਆਪਣ ਹਥੀਂ ਆਪਣਾ ਆਪੇ ਹੀ ਕਾਜ ਸਵਾਰੀਐ"

ਇਥੇ ਹੀ ਬੱਸ ਨਹੀਂ, ਦੁਨਿਆਵੀ ਸੇਵਾ ਲਈ ਸਦਾ ਤੱਤਪਰ ਰਹਿੰਦੇ।

ਆਪਣੇ ਜੀਵਨ ਵਿੱਚ ਸੁੱਖ ਅਰਾਮ ਉਨ੍ਹਾਂ ਨੇ ਸਾਰੇ ਹੀ ਪ੍ਰਾਪਤ ਕੀਤੇ ਤੇ ਮਾਣੇ ਹਨ ਪਰ ਦਿਲਚਸਪੀ ਦੀ ਗੱਲ ਹੈ ਕਿ ਸਾਰਾ ਸਮਾਂ ਪਦਾਰਥਕ ਕਾਰ-ਵਿਹਾਰ ਵਿੱਚ ਰੁੱਝੇ ਰਹਿਣ ਦੇ ਬਾਵਜੂਦ ਵੀ ਨਿਰਲੇਪ ਸਨ । ਸੁਰਤ ਸਦਾ ਹੀ ਉੱਚੀ ਰਹਿੰਦੀ ਤੇ ਤਰਬਾਂ ਸਾਈਂ ਨਾਲ ਜੁੜੀਆਂ ਰਹਿੰਦੀਆਂ।

ਦੁਨਿਆਵੀ ਪੱਖੋਂ ਕੋਈ ਉਚੇਰੀ ਵਿੱਦਿਆ ਨਹੀਂ ਸੀ ਪਾਈ, ਪਰ ਵੱਡੇ ਤੋਂ ਵੱਡੇ ਅਫ਼ਸਰ ਨੂੰ ਮਿਲਣੋਂ ਕਦੇ ਨਹੀਂ ਸੀ ਝਿਜਕਦੇ ਅਤੇ ਅਚਰਜ ਤਾਂ ਇਹ ਹੈ ਕਿ ਜਿਸ ਨੂੰ ਇਕ ਵਾਰੀ ਮਿਲਦੇ, ਉਹ ਇਤਨਾ ਪ੍ਰਭਾਵਿਤ ਹੁੰਦਾ ਕਿ ਉਨ੍ਹਾਂ ਦੀ ਲੋੜ ਪੂਰੀ ਕਰਨ ਤੋਂ ਕਦੇ ਪਿੱਛੇ ਨਾ ਹਟਦਾ ਸਗੋਂ ਅਜਿਹਾ ਕਰਨ ਵਿਚ ਅਪਣਾ ਸੁਭਾਗ ਅਨੁਭਵ ਕਰਦਾ।

ਸਾਧਾਰਣ ਜੀਵਨ ਵਿੱਚ ਕਿਸੇ ਨੂੰ ਖੇਚਲ ਦੇ ਕੇ ਰਾਜ਼ੀ ਨਹੀਂ ਸੀ ਹੁੰਦੇ। ਇਥੋਂ ਤੱਕ ਕਿ ਅੰਮ੍ਰਿਤ ਵੇਲੇ ਜਾਂ ਰਾਤ ਨੂੰ ਦੇਰ ਨਾਲ ਕਿਸੇ ਚੀਜ਼ ਦੀ ਲੋੜ ਪੈਂਦੀ ਤਾਂ ਕਿਸੇ ਨੂੰ ਨਹੀਂ ਸੀ ਕਹਿੰਦੇ। ਪੱਲੇ ਪੈਰੀਂ, ਬਿਨਾ ਖੜਾਕ ਕੀਤਿਆਂ ਆਪ ਹੀ ਅਪਣੀ ਲੋੜ ਪੂਰੀ ਕਰ ਲੈਂਦੇ।

ਅਤਿ ਪਿਆਰੀ ਸ਼ਖਸੀਅਤ ਸਨ ਉਹ। ਸਿੱਖੀ ਲਈ ਅਥਾਹ ਪਿਆਰ ਤੇ ਜੋਸ਼, ਆਪਣੇ ਗੁਰੂ ਤੇ ਅਟੁੱਟ ਭਰੋਸਾ, ਉਤਸ਼ਾਹ ਤੇ ਉਮਾਹ ਦੇ ਨਾਲ ਭਰਪੂਰ, ਕਿਉਂਕਿ ਉਨ੍ਹਾਂ ਦੇ ਸਾਹਮਣੇ ਤਾਂ ਸਦਾ ਹੀ ਗੁਰਬਾਣੀ ਦੀਆਂ ਤੁਕਾਂ ਚਾਨਣ ਮੁਨਾਰੇ ਸਨ :—

ਜਾਕਾ ਮੀਤ ਸਾਜਨ ਹੈ ਸਮੀਆ,
ਤਿਸ ਜਨ ਕਉ ਕਹੁ ਕਾ ਕੀ ਕਮੀਆ।

# ਭਲੋ ਭਲੋ ਰੇ ਕੀਰਤਨੀਆ

ਡਾ. ਇੰਦਰਪਾਲ ਸਿੰਘ

'ਅੰਮ੍ਰਿਤ ਕੀਰਤਨ' ਦੀ ਇੱਕ ਮੁੱਖ ਦੇਣ ਵਿਸ਼ੇਸ਼ ਅੰਕਾਂ ਦੁਆਰਾ ਪੰਥ ਦੇ ਪ੍ਰਸਿੱਧ ਕੀਰਤਨੀਆਂ ਪ੍ਰਤੀ ਅਭਾਰ ਪ੍ਰਗਟ ਕਰਨਾ ਹੈ ਅਤੇ ਇਸ ਤਰ੍ਹਾਂ ਗੁਰਬਾਣੀ ਕੀਰਤਨ ਦਾ ਪ੍ਰਾਚਰ ਕਰਨਾ ਹੈ। ਭਾਈ ਹੀਰਾ ਸਿੰਘ ਅੰਕ ਆਪਣੀ ਮਿਸਾਲ ਆਪ ਸੀ ।

ਹੁਣ ਭਾਈ ਸਾਹਿਬ ਡਾ: ਸਰਬ ਸਿੰਘ ਜੀ ਦੀ ਯਾਦ ਵਿੱਚ ਪ੍ਰਕਾਸ਼ਿਤ ਇਹ ਅੰਕ ਕੀਰਤਨ ਜਗਤ ਲਈ ਇਕ ਸੁਗਾਤ ਸਿੱਧ ਹੋਵੇਗਾ। ਡਾ: ਸਰਬ ਸਿੰਘ ਜੀ ਸੁੱਚੀ ਕਿਰਤ ਕਰਕੇ ਨਿਰਬਾਹ ਕਰਦੇ ਸਨ ਅਤੇ ਗੁਰੂ ਪਿਆਰ ਵਿੱਚ ਕੀਰਤਨ ਕਰਕੇ ਗੁਰੂ ਨਾਨਕ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਸਨ। ਪਟਿਆਲਾ ਉਹਨਾਂ ਦਾ ਕਾਰੋਬਾਰੀ ਤੇ ਰਿਹਾਇਸ਼ ਸਥਾਨ ਸੀ ਪਰੰਤੂ ਕੀਰਤਨ ਸਦਕਾ ਉਹ ਸਾਰਾ ਭਾਰਤ ਫਿਰ ਆਉਂਦੇ ਸਨ। ਭਾਈ ਵੀਰ ਸਿੰਘ ਜੀ ਤੇ ਸੰਤ ਸੰਗਤ ਸਿੰਘ ਜੀ ਕਮਾਲੀਆ ਵਾਲੇ ਉਹਨਾਂ ਦੇ ਪ੍ਰਮਾਰਥਕ ਰਹਿਬਰ ਸਨ। ਜਪੁਜੀ ਸਾਹਿਬ ਦਾ ਪਾਠ ਵਿਸ਼ੇਸ਼ ਕਰਕੇ ਉਹ ਬਹੁਤ ਵਾਰੀ ਕਰਦੇਸ ਨ। ਮੇਰਾ ਅੰਦਾਜ਼ਾ ਹੈ ਕਿ 25/30 ਜਪੁਜੀ ਸਾਹਿਬ ਦੇ ਪਾਠ ਤਾਂ ਉਹ ਰੋਜ਼ ਹੀ ਕਰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਨਾਮ ਬਾਣੀ ਦੇ ਸ੍ਰੋਤ ਨਾਲ ਜੁੜ ਕੇ ਹੀ ਗੁਰੂ ਪਰਾਇਣ ਕੀਰਤਨ ਹੋ ਸਕਦਾ ਹੈ। ਇਸੇ ਲਈ ਉਹ ਸੰਗੀਤ ਦੀਆਂ ਤਰਜ਼ਾਂ ਦੀ ਬਜਾਏ ਬਹੁਤਾ ਆਸਰਾ ਗੁਰਬਾਣੀ ਤੇ ਉਸ ਦੀ ਵਿਆਖਿਆ ਦਾ ਲੈਂਦੇ ਸਨ ਤੇ ਪੂਰੀ ਤਰ੍ਹਾਂ ਲੀਨ ਹੋ ਕੇ, ਆਪਾ ਭੁੱਲ ਕੇ, ਵਾਹਿਗੁਰੂ ਜੀ ਦੇ ਪਿਆਰ ਵਿਚ ਪੂਰੀ ਤਰ੍ਹਾਂ ਭਿੱਜ ਕੇ, ਘੰਟਿਆਂ ਬੱਧੀ ਉਹ ਕੀਰਤਨ ਕਰਦੇ ਸਨ। ਸੰਗਤਾਂ ਵੀ ਕਿਸੇ ਅਜਬ ਅਨੰਦ ਵਿੱਚ ਰਸ ਮਾਣਦੀਆਂ ਸਨ।

ਭਾਈ ਸਾਹਿਬ ਨੂੰ ਕੁਝ ਬੱਖਸ਼ਿਸ਼ਾਂ ਕੁਦਰਤ ਵੱਲੋਂ ਪ੍ਰਾਪਤ ਸਨ ਜਿਵੇਂ ਤੇਜਸਵੀ ਚਿਹਰਾ 'ਪ੍ਰਭਾਵ ਸ਼ਾਲੀ ਨੈਣ' ਮਿੱਠੀ ਆਵਾਜ਼, ਨਿਮਰਤਾ, ਸੇਵਾ ਭਾਵ ਅਤੇ ਸੁਭਾਅ ਦੀ ਸਰਲਤਾ। ਮੈਂ ਉਹਨਾਂ ਨੂੰ ਕਦੇ ਕਿਸੇ ਦੀ ਨਿੰਦਾ ਕਰਦਿਆਂ ਨਹੀਂ ਸੁਣਿਆ। ਉਹ ਕਦੇ ਕੌੜਾ ਨਹੀਂ ਸਨ ਬੋਲਦੇ। ਹਰ ਕਿਸੇ ਨਾਲ ਉਸ ਦੀ ਆਯੂ ਅਨੁਸਾਰ ਵਰਤਾਉ ਉਹਨਾਂ ਦੇ ਸਲੀਕੇ ਦਾ ਕਮਾਲ ਸੀ। ਬਜ਼ੁਰਗਾਂ ਦੇ ਦੋਸਤ, ਜੁਆਨਾਂ ਦੇ ਪਿਆਰੇ ਤੇ ਬੱਚਿਆਂ ਦੇ ਹਾਣੀ ਬਣ ਕੇ ਉਹ ਸਭ ਦਾ ਮਨ ਜਿੱਤ ਲੈਂਦੇ ਸਨ।

ਜੀਵਨ ਦੇ ਆਖਰੀ ਸਾਲਾਂ ਵਿਚ ਮੈਂ ਉਹਨਾਂ ਨੂੰ ਨਵੇਂ ਸ਼ਬਦ ਜ਼ਬਾਨੀ ਕੰਠ ਕਰਦਿਆਂ ਵੇਖਿਆ। ਸਿੱਖ ਇਤਿਹਾਸ ਦੇ ਉਹ ਸ਼ੈਦਾਈ ਸਨ ਤੇ ਸਦਾ ਘਰ ਵਿੱਚ ਅਜਿਹੀਆਂ ਪੁਸਤਕਾਂ ਦਾ ਅਧਿਐਨ ਕਰਦੇ ਰਹਿੰਦੇ ਸਨ। ਕਾਰ ਵਿਹਾਰ ਕਰਦਿਆਂ, ਪਰਵਾਰਿਕ ਜ਼ਿੰਮੇਵਾਰੀਆਂ ਵੀ ਪੂਰੀਆਂ ਕਰਦਿਆਂ ਹੋਇਆਂ, ਉਹ ਕਮਾਲ ਦੀ ਨਿਰਲੇਪਤਾ ਨਾਲ ਆਪਣੇ ਪ੍ਰਚਾਰ ਤੇ ਕੀਰਤਨ ਦੇ ਕੰਮ ਵਿਚ ਪੂਰੀ ਦਿਲਚਸਪੀ ਨਾਲ ਲੀਨ ਹੁੰਦੇ ਸਨ।

ਮੈਨੂੰ ਭਾਈ ਸਾਹਿਬ ਦਾ ਆਖਰੀ ਸਮਾਂ ਵੀ ਯਾਦ ਹੈ ਜਦ ਉਹ ਕਾਫੀ ਬਿਮਾਰ ਹੋ ਗਏ। ਅਜਿਹੀ ਅਵੱਸਥਾ ਵਿੱਚ ਵੀ ਉਹ ਸਦਾ ਚੜ੍ਹਦੀ ਕਲਾ ਵਿੱਚ ਰਹੇ ਅਤੇ ਨਾਮ ਬਾਣੀ ਦਾ ਅਭਿਆਸ

ਪੂਰੀ ਤਰ੍ਹਾਂ ਜਾਰੀ ਰੱਖਿਆ । ਆਖਰੀ ਸੁਆਸ ਉਹਨਾਂ ਨੇ ਇਕ ਸੰਤ ਪੁਰਖ ਦੀ ਤਰ੍ਹਾਂ ਸੁਖਮਨੀ ਸਾਹਿਬ ਦੇ ਪਾਠ ਨੂੰ ਸੁਣਦਿਆਂ ਭੋਗ ਉਪਰੰਤ ਪੂਰੇ ਕੀਤੇ । ਇੰਜ ਲੱਗਦਾ ਸੀ ਕਿ ਭਾਈ ਸਾਹਿਬ ਕਿਸੇ ਅਡੋਲ ਸਮਾਧੀ ਵਿਚ ਆਪਣੇ ਪਿਆਰੇ ਵਾਹਿਗੁਰੂ ਜੀ ਦੇ ਚਰਨਾਂ ਦੀ ਹਾਜ਼ਰੀ ਭਰ ਰਹੇ ਹਨ । ਉਹਨਾਂ ਦੀ ਅੰਤਿਮ ਯਾਤਰਾ ਤਾਂ ਇੰਜ ਸੀ ਕਿ ਜਿਵੇਂ ਸਾਰਾ ਸ਼ਹਿਰ ਹੀ ਜਲੂਸ ਦਾ ਰੂਪ ਧਾਰਣ ਕਰ ਗਿਆ ਹੋਵੇ । ਮਾਸਟਰ ਤਰਲੋਚਨ ਸਿੰਘ ਜੀਤ ਤੇ ਸੈਂਕੜੇ ਨੌਜੁਆਨ ਬੱਚੇ ਇਸ ਜਲੂਸ ਦੀ 'ਭਲੋ ਭਲੋ ਰੇ ਕੀਰਤਨੀਆ' ਦੀ ਗੂੰਜਦੀ ਆਵਾਜ਼ ਵਿੱਚ ਅਗਵਾਈ ਕਰ ਰਹੇ ਸਨ । ਇੰਜ ਲਗਦਾ ਸੀ ਕਿ ਭਾਈ ਸਾਹਿਬ ਕੀਰਤਨ ਦੀ ਧੁਨੀ ਵਿਚ ਹੀ ਸਦਾ ਲਈ ਵਿਦਾ ਹੋ ਰਹੇ ਹਨ ।

ਪਹਿਲੀ ਵਾਰੀ ਪਰਿਵਾਰ ਨੂੰ ਅਹਿਸਾਸ ਹੋਇਆ ਕਿ ਡਾ: ਸਾਹਿਬ ਕੇਵਲ ਸਾਡੇ ਹੀ ਨਹੀਂ ਸਨ, ਉਹ ਤਾਂ ਪੰਥ ਦੇ ਸਨ ਤੇ ਉਹਨਾਂ ਦੇ ਬੱਚਿਆਂ ਦੀ ਗਿਣਤੀ ਬਹੁਤ ਵੱਡੀ ਸੀ । ਕਿਸੇ ਦੇ ਉਹ ਪਿਤਾ ਸਨ ਤੇ ਕਿਸੇ ਦੇ ਵੀਰ ਪ੍ਰੰਤੂ ਸਭ ਦੇ ਪਿਆਰੇ 'ਭਾਪਾ ਜੀ' ਸਨ। ਉਹਨਾਂ ਦੀ ਬੇਟੀ ਸਵਰਗ-ਵਾਸੀ ਪ੍ਰਿੰਸੀਪਲ ਅਨੁਵੰਤ ਕੌਰ ਜੋ ਅਥਰੂਆਂ ਸੰਗ ਇਸ ਮਾਤਮੀ ਜਲੂਸ ਨੂੰ ਵੇਖ ਰਹੀ ਸੀ ਅਚਾਨਕ ਕਹਿ ਹੀ ਉਠੀ ਕਿ ਭਾਪਾ ਜੀ ਅਸੀਂ ਤੁਹਾਡੇ ਧੀਆਂ ਪੁਤਰ ਤਾਂ ਹਾਂ ਪਰ ਸਾਡੇ ਤੋਂ ਵੱਧ ਕਿੰਨੇ ਹੀ ਤੁਹਾਡੇ ਕੀਰਤਨ ਦੇ ਪਿਆਰ ਵਾਲੇ ਹਨ ਜਿਹਨਾਂ ਦੇ ਸੱਜਲ ਨੈਣ ਤੇ ਗੂੰਜਦੇ ਬੋਲ ਤੁਹਾਡੀ ਵਡਿਆਈ ਦੇ ਨੂਰ ਨੂੰ ਸਾਡੇ ਸਾਹਮਣੇ ਉਜਾਗਰ ਕਰ ਰਹੇ ਹਨ। ਸੱਚ ਮੁੱਚ ਡਾ: ਸਾਹਿਬ ਨੂੰ ਮਨੁੱਖੀ ਸੁਹਿਰਦਤਾ ਦੇ ਨਾਲ ਜੋ ਕੀਰਤਨ ਦੀ ਬਖਸ਼ਿਸ਼ ਤੇ ਦਾਤ ਮਿਲੀ ਉਸ ਸਦਕਾ ਉਹ ਸਦਾ ਹੀ ਅਮਰ ਰਹਿਣਗੇ ਅੰਮ੍ਰਿਤ ਕੀਰਤਨ ਦਾ ਵਿਸ਼ੇਸ਼ ਅੰਕ ਇਸ ਗੱਲ ਦੀ ਸ਼ਾਹਦੀ ਹੈ ।

ਭਾਈ ਸਾਹਿਬ ਦੇ ਕੁਝ ਸੁਪਨੇ ਸਨ, ਕੁਝ ਇਛਾਵਾਂ ਸਨ ਜਿਹਨਾਂ ਬਾਰੇ ਬੀਬੀ ਅਨੁਵੰਤ ਕੌਰ ਜੀ ਦੱਸਦੇ ਸਨ ਕਿ ਉਹ ਸਦਾ ਚਾਹੁੰਦੇ ਸੀ ਕਿ ਬੱਚਿਆਂ ਨੂੰ ਕੀਰਤਨ ਸਿਖਾਓ । ਉਹ ਥਾਂ ਥਾਂ ਬੱਚਿਆਂ ਦੇ ਕੀਰਤਨ ਕੇਂਦਰ ਖੋਲ੍ਹਣ ਦੇ ਚਾਹਵਾਨ ਸਨ । ਉਹਨਾਂ ਦਾ ਚਲਾਇਆ ਗੁਰੂ ਅਰਜਨ ਕੀਰਤਨ ਮੰਡਲ, ਪਟਿਆਲਾ ਬੱਚਿਆਂ ਦੇ ਗੁਰਬਾਣੀ ਕੀਰਤਨ ਮੁਕਾਬਲੇ ਹਰ ਸਾਲ ਕਰਵਾਉਂਦਾ ਹੈ । ਉਹਨਾਂ ਦੀ ਤਮੰਨਾ ਸੀ ਕਿ ਗੁਰਬਾਣੀ ਦੇ ਕੀਰਤਨ ਬਾਰੇ ਖੋਜ ਤੇ ਵਿਚਾਰ ਦਾ ਕੋਈ ਚੰਗਾ ਅਦਾਰਾ ਹੋਵੇ ਤੇ ਨਵੇਂ ਕੀਰਤਨ ਕਰਨ ਵਾਲਿਆਂ ਨੂੰ ਟਰੇਨਿੰਗ ਦਿੱਤੀ ਜਾਵੇ । ਉਹ ਸਦਾ ਇਹ ਹੀ ਕਹਿੰਦੇ ਸਨ ਕਿ ਗੁਰੂ ਘਰ ਦੇ ਕੀਰਤਨੀਏ ਦੀ, ਆਰਥਕ ਪੱਖੋਂ, ਸਾਰ ਠੀਕ ਤਰ੍ਹਾਂ ਪੰਥ ਨੂੰ ਲੈਣੀ ਚਾਹੀਦੀ ਹੈ ਤਾਂ ਕਿ ਉਹ ਨਿਸ਼ਕਾਮ ਤੇ ਬੇਫਿਕਰ ਹੋ ਕੇ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਕਰ ਸਕਣ । ਮਾਇਕ ਤੰਗੀ ਗੁਰੂ ਦੇ ਕੀਰਤਨੀਆਂ ਨੂੰ ਨਹੀਂ ਚਾਹੀਦੀ। ਉਹ ਚਾਹੁੰਦੇ ਸਨ ਕਿ ਘਰ ਘਰ ਅੰਦਰ ਧਰਮਸਾਲ ਹੋਵੇ । ਕੀਰਤਨ ਸਦਾ ਵਸੋਆ ਦੇ ਆਦਰਸ਼ ਮੁਤਾਬਿਕ ਗੁਰਬਾਣੀ ਕੀਰਤਨ ਦਾ ਪ੍ਰਚਾਰ ਹੋਣਾ ਚਾਹੀਦਾ ਹੈ ।

ਸਚ ਮੁੱਚ ਭਾਈ ਸਾਹਿਬ ਡਾ: ਸਰਬ ਸਿੰਘ ਜੀ ਉਚ ਕੋਟੀ ਦੇ ਕੀਰਤਨੀਏ ਤੇ ਪੂਰਨ ਗੁਰਸਿੱਖ ਸਨ ਜਿਹਨਾਂ ਸਾਰੀ ਆਯੂ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਕੀਤਾ, ਵਾਹਿਗੁਰੂ ਜੀ ਸਾਨੂੰ ਅਜਿਹੇ ਮਹਾਂਪੁਰਖਾਂ ਦੇ ਨਕਸ਼ੇ ਕਦਮ ਤੇ ਚਲਣ ਦਾ ਬਲ ਬਖਸ਼ੇ, 'ਅੰਮ੍ਰਿਤ ਕੀਰਤਨ ਟਰੱਸਟ' ਨੇ ਉਹਨਾਂ ਦੀ ਯਾਦ ਤਾਜ਼ਾ ਕਰਕੇ ਗੁਰਬਾਣੀ ਕੀਰਤਨ ਨਾਲ ਪਿਆਰ ਕਰਨ ਵਾਲਿਆਂ ਨੂੰ ਤਸੱਲੀ ਦਿੱਤੀ ਜਿਸ ਲਈ ਬਹੁਤ ਮੁਬਾਰਕ ਤੇ ਧੰਨਵਾਦ ।

# ਕੁਝ ਯਾਦਾਂ

ਸ੍ਰ: ਹਰੀ ਸਿੰਘ ਮਾਟਾ

ਭਾਈ ਸਰਬ ਸਿੰਘ ਜੀ ਮੇਰੇ ਜੀਜਾ ਸਨ ਅਤੇ ਦਾਸ ਭਾਈ ਸਰਬ ਸਿੰਘ ਜੀ ਨੂੰ ਪਿਤਾ ਸਮਾਨ ਸਮਝਦੇ ਸਨ ।

ਅਸੀਂ ਪਿਸ਼ਾਵਰ ਸ਼ਹਿਰ ਵਿੱਚ ਰਹਿੰਦੇ ਸੀ ਅਤੇ ਭਾਈ ਸਾਹਿਬ ਹੋਤੀ ਮਰਦਾਨ ਰਹਿੰਦੇ ਸਨ। ਬਾਦ ਵਿੱਚ ਭਾਈ ਸਾਹਿਬ ਜੀ ਰਾਵਲ ਪਿੰਡੀ ਆ ਗਏ ਸੀ ਅਤੇ ਕੁਹਮਰੀ (ਪਹਾੜ) ਤੇ ਅਕਸਰ ਗਰਮੀਆਂ ਵਿੱਚ ਜਾਂਦੇ ਸਨ । ਦਾਸ ਵੀ ਕਈ ਵੇਰ ਕੁਹਮਰੀ ਇਨ੍ਹਾਂ ਪਾਸ ਜਾਂਦੇ ਰਹੇ । ਜਿਸ ਕਰਕੇ ਕਾਫੀ ਬਚਨ ਬਿਲਾਸ ਹੁੰਦੇ । ਗੱਲਾਂ ਬਹੁਤ ਹਨ ਸੰਖੇਪ ਵਿੱਚ ਲਿਖ ਰਿਹਾ ਹਾਂ ।

ਡਾ: ਸਰਬ ਸਿੰਘ ਜੀ ਦਾ ਪਿਛੋਕੜ ਤੇ ਪੁਰਾਣੀਆਂ ਯਾਦਾਂ ਜਿੱਥੋਂ ਤੱਕ ਮੇਰੀ ਯਾਦ ਕੰਮ ਕਰਦੀ ਹੈ ਤਕਰੀਬਨ 1930-31 ਵਿੱਚ ਇਨ੍ਹਾਂ ਦੀ ਸ਼ਾਦੀ ਹੋਈ ਜਦ ਕਿ ਇਨ੍ਹਾਂ ਦੀ ਉਮਰ ਤਕਰੀਬਨ 20-21 ਸਾਲ ਸੀ । ਸ਼ਾਦੀ ਤੋਂ 4-5 ਸਾਲ ਪਹਿਲਾਂ ਹੀ ਇਨ੍ਹਾਂ ਦਾ ਮਨ ਸਹਿਜ ਅਵਸਥਾ ਵਾਲਾ ਬਣ ਗਿਆ ਤੇ ਘਰ ਵਿੱਚ ਰਹਿਣ ਤੇ ਮਨ ਨਹੀਂ ਲੱਗਦਾ ਸੀ । ਸੋ ਆਪ ਆਪਣੇ ਘਰ ਦੇ ਨੇੜੇ ਹੀ ਗੁਰਦਵਾਰਾ ਸਾਹਿਬ ਵਿੱਚ ਨਿਸ਼ਕਾਮ ਕੀਰਤਨ ਕਰਨ ਲੱਗ ਪਏ ਤੇ ਉੱਥੇ ਹੀ ਇਨ੍ਹਾਂ ਨੂੰ ਕਮਰਾ ਮਿਲ ਗਿਆ । ਗੁਰਦੁਆਰਾ ਸਾਹਿਬ ਵਿੱਚ ਇਨ੍ਹਾਂ ਨੂੰ ਪ੍ਰੇਰਨਾ ਬਾਬਾ ਪ੍ਰੇਮ ਸਿੰਘ ਹਿਸਟੋਰੀਅਨ ਜੀ ਨੇ ਦਿੱਤੀ । ਬਾਬਾ ਜੀ ਨੇ ਭਾਈ ਸਰਬ ਸਿੰਘ ਜੀ ਨੂੰ ਆਪਣਾ ਪੁੱਤਰ ਬਣਾ ਲਿਆ ਅਤੇ ਪੂਰਾ ਸਹਿਯੋਗ ਦਿੱਤਾ ।

ਗੁਰਦੁਆਰਾ ਸਾਹਿਬ ਦੀ ਵਿਸ਼ੇਸ਼ਤਾ ਇਹ ਸੀ ਕਿ ਹਮੇਸ਼ਾ ਅੰਮ੍ਰਿਤ ਵੇਲੇ ਤਿੰਨ ਵਜੇ ਪ੍ਰੋਗਰਾਮ ਸ਼ੁਰੂ ਹੋ ਜਾਂਦਾ ਸੀ ਅਤੇ ਸੂਰਜ ਦੀ ਟਿੱਕੀ ਨਾਲ ਹੀ ਦੇਗ ਵਰਤ ਜਾਂਦੀ ਸੀ । ਇਸ ਪ੍ਰੋਗਰਾਮ ਵਿੱਚ ਆਪ ਸਾਰੀ ਸੰਗਤ ਨਾਲ ਰਲ ਕੇ ਆਸਾ ਦੀ ਵਾਰ ਜੀ ਦਾ ਕੀਰਤਨ ਕਰਦੇ ਸਨ । ਉਪ੍ਰੰਤ ਕਥਾ ਬਾਬਾ ਪ੍ਰੇਮ ਸਿੰਘ ਜੀ ਹਿਸਟੋਰੀਅਨ ਕਰਦੇ ਸਨ । ਮਗਰ ਭਾਈ ਸਰਬ ਸਿੰਘ ਜੀ ਦੇ ਕੀਰਤਨ ਨੂੰ ਸੰਗਤ ਉਡੀਕਦੀ ਸੀ । ਭਾਈ ਸਰਬ ਸਿੰਘ ਜੀ ਦੇ ਮਸਤਕ ਤੇ ਅਨੋਖੀ ਝਲਕ ਦਿਸਦੀ ਸੀ । ਜਦ ਵੀ ਕੀਰਤਨ ਕਰਦੇ ਬੜੇ ਪ੍ਰੇਮ ਅਤੇ ਉੱਚੀ ਅਵਾਜ਼ ਵਿੱਚ ਕਰਦੇ । ਅੰਦਰੋਂ ਮਨ ਕਰਕੇ ਬਾਣੀ ਸ਼ੁਧ ਅਤੇ ਪਿਆਰ ਨਾਲ ਪੜ੍ਹਦੇ ਅਤੇ ਮਗਨ ਹੋ ਜਾਂਦੇ । ਭਾਈ ਸਾਹਿਬ ਦੀ ਖਾਸ ਵਿਸ਼ੇਸ਼ਤਾ ਸੀ ਕਿ ਟਾਈਮ ਦੇ ਅਤਿ ਪਾਬੰਦ ਰਹਿੰਦੇ । ਅੰਮ੍ਰਿਤ ਵੇਲੇ ਦੇ ਜਾਗਣ ਦੀ ਜਾਚ ਦਾਸ ਨੇ ਭਾਈ ਸਾਹਿਬ ਦਾ ਸੰਗ ਕਰਦੇ ਹੀ ਪ੍ਰਾਪਤ ਕੀਤੀ ਸੀ ਅਤੇ ਨਿਤਨੇਮ ਅਤੇ ਵਹਿਗੁਰੂ ਸਿਮਰਨ ਦੀ ਜਾਚ ਵੀ ਭਾਈ ਸਾਹਿਬ ਦੇ ਸੰਗ ਰਹਿ ਕੇ ਪ੍ਰਾਪਤ ਹੋਈ ।

ਭਾਈ ਸਾਹਿਬ ਦੀ ਬਚਪਨ ਤੋਂ ਆਦਤ ਬਣ ਗਈ ਸੀ ਕਿ ਰਾਹ ਜਾਂਦੇ ਬੰਦੇ ਨੂੰ ਭੀ ਸਿਮਰਨ

ਕਰਨ ਦਾ ਉਪਦੇਸ਼ ਦਿੰਦੇ ਸਨ ਪਰ ਸਾਡਾ ਰਿਸ਼ਤਾ ਬਹੁਤ ਨਜ਼ਦੀਕੀ ਹੋਣ ਕਰਕੇ ਦਾਸ ਨੂੰ ਸੰਗ ਕਰਨ ਦਾ ਕਾਫ਼ੀ ਮੌਕਾ ਮਿਲਦਾ ਰਿਹਾ ਹੈ।

ਇੱਕ ਸਮੇਂ ਦੀ ਗੱਲ ਹੈ। ਭਾਈ ਸਾਹਿਬ ਪਿਸ਼ਾਵਰ ਸਾਡੇ ਪਾਸ ਆਏ ਹੋਏ ਸਨ। ਭਰ ਜੁਆਨੀ ਸੀ। ਦਾੜ੍ਹਾ ਸਵਾਰ ਕੇ ਠਾਠਾ ਬੰਨਦੇ ਸਨ। ਸੁੰਦਰ ਚਿਹਰਾ ਤੇ ਸੁੰਦਰ ਦਿੱਖ ਸੀ। ਇੱਕ ਵਾਰ ਸੁਹਣਾ ਨੌਜਵਾਨ ਲੜਕਾ ਭਾਈ ਸਾਹਿਬ ਦੇ ਅੱਗੇ ਆ ਗਿਆ ਉਸ ਨੌਜਵਾਨ ਨੇ ਆਪਣੀ ਦਾੜ੍ਹੀ ਦੀ ਬੇਅਦਬੀ ਕੀਤੀ ਹੋਈ ਸੀ। ਭਾਈ ਸਾਹਿਬ ਤੋਂ ਰਿਹਾ ਨਾ ਗਿਆ ਉਸ ਨੌਜਵਾਨ ਨੂੰ ਬੁਲਾ ਕੇ ਕਹਿਣ ਲੱਗੇ ਵੀਰ ਜੀ ਗੁਰਸਿੱਖ ਨੂੰ ਇਉਂ ਨਹੀਂ ਚਾਹੀਦਾ। ਰੋਮਾਂ ਦੀ ਬੇਅਦਬੀ ਨਹੀਂ ਕਰਨੀ ਚਾਹੀਦੀ। ਦਾੜ੍ਹਾ ਸੰਵਾਰ ਕੇ ਰੱਖੋ ਅੱਗੋਂ ਉਸ ਸਿੱਖ ਨੇ ਬਹੁਤ ਰੋਅਬ ਤੇ ਗੁੱਸੇ ਵਿੱਚ ਉੱਤਰ ਦਿੱਤਾ ਸਾਨੂੰ ਕੀ ਪਤਾ ਤੁਸੀਂ ਭੀ ਦਾੜ੍ਹੀ ਕੱਟਦੇ ਹੋਵੋ। ਉੱਪਰ ਤਾਂ ਫਿਕਸੋ ਲਾ ਕੇ ਬੰਨ੍ਹ ਛੱਡਦੇ ਹੋਵੋ। ਸੋ ਭਾਈ ਸਾਹਿਬ ਨੇ ਉਸੇ ਵਕਤ ਦਾੜ੍ਹੀ ਪ੍ਰਕਾਸ਼ ਕਰ ਦਿੱਤੀ ਤੇ ਉਸ ਦਿਨ ਤੋਂ ਫਿਕਸੋ ਆਦਿ ਤਿਆਗ ਦਿੱਤੀ ਤੇ ਉਸ ਤੇ ਬਾਦ ਭਾਈ ਸਾਹਿਬ ਨੇ ਠਾਠਾ ਬੰਨ੍ਹਣਾ ਛੱਡ ਦਿੱਤਾ ਤੇ ਆਖਿਆ ਤੁਸੀਂ ਠੀਕ ਆਖਦੇ ਹੋ ਅੱਗੇ ਤੋਂ ਅਸੀਂ ਦਾੜ੍ਹਾ ਪ੍ਰਕਾਸ਼ ਰੱਖਾਂਗੇ ਪਰ ਤੁਸੀਂ ਭੀ ਵਾਇਦਾ ਕਰੋ ਕਿ ਅੱਗੇ ਤੋਂ ਰੋਮਾਂ ਦੀ ਬੇਅਦਬੀ ਨਹੀਂ ਕਰੋਗੇ।

ਇੱਕ ਦਿਨ ਭਾਈ ਸਾਹਿਬ ਪਾਸ ਇੱਕ ਸਰਦਾਰ ਜੀ ਆਏ, ਜੋ ਚੰਗੇ ਖਾਨਦਾਨੀ ਤੇ ਚੰਗੇ ਅਹੁਦੇ ਤੇ ਅਫਸਰ ਲੱਗੇ ਹੋਏ ਸਨ ਅਤੇ ਭਾਈ ਸਾਹਿਬ ਦਾ ਦਿਲੋਂ ਸਨਮਾਨ ਕਰਦੇ ਸਨ। ਆਖਣ ਲੱਗੇ ਭਾਈ ਸਾਹਿਬ ਜੀ ਤੁਸੀਂ ਤਾਂ ਕਹਿੰਦੇ ਹੋ ਜੋ ਨਾਮ ਜਪੀਏ। ਪਰ ਟਾਈਮ ਨਹੀਂ ਮਿਲਦਾ, ਰੁਝੇਵੇਂ ਬਹੁਤ ਹਨ, ਕੋਈ ਸਮਾਂ ਨਹੀਂ ਮਿਲਦਾ। ਤਾਂ ਭਾਈ ਸਾਹਿਬ ਨੇ ਕੁਝ ਵਿਚਾਰ ਕਰਕੇ ਦੱਸਿਆ "ਅਗਰ ਤੁਹਾਨੂੰ ਕੋਈ ਟਾਈਮ ਨਹੀਂ ਮਿਲਦਾ ਤਾਂ ਜਦ ਬਾਥ ਰੂਮ ਜਾਂਦੇ ਹੋ ਉਸ ਵਕਤ ਤਾਂ ਤੁਹਾਡੇ ਸਾਹਮਣੇ ਦਫਤਰ ਦੀ ਫਾਈਲ ਨਹੀਂ ਹੁੰਦੀ ਉਸ ਵਕਤ ਹੀ ਵਾਹਿਗੁਰੂ ਦਾ ਸਿਮਰਨ ਕਰ ਲਿਆ ਕਰੋ।" ਸੋ ਉਨ੍ਹਾਂ ਨੇ ਉਸੀ ਤਰ੍ਹਾਂ ਹੀ ਕੀਤਾ। ਉਨ੍ਹਾਂ ਨੂੰ ਆਨੰਦ ਆਇਆ ਅਤੇ ਹਰ ਵਕਤ ਸਿਮਰਨ ਕਰਣ ਲੱਗ ਪਏ ਤੇ ਕੁਝ ਦਿਨਾਂ ਬਾਦ ਭਾਈ ਸਾਹਿਬ ਨੂੰ ਮਿਲਕੇ ਬਹੁਤ ਧੰਨਵਾਦ ਕੀਤਾ।

A Tribute

# Bhai Sahib Dr. Sarab Singh

Dr. Inderpal Singh

Dr. Sarab Singh jee was a missionary and a ragi with a difference. He was not a professional but performed better than professionals. Infact, he performed with a sense of committment, zeal devotion and discipline. He was dentist and optician and would run his own shop in the busy business centre at Qila Chowk, Patiala. Yet he would travel through the length and breadth of India to spread the message of Guru Nanak Dev through his devotional music, melodious voice and inspiring singing of Gurbani. He would be at his best when he would make thousands of people spell-bound with his moving allegories and stories from the lives of the Gurus and their times. Infact, he himself would get lost while singing Gurbani and in the passionate rendering of all the Shabads (hymns).

In his own words, he learnt everything not through any training but through the Grace of the Sat Guru and greatmen like Bhai Veer Singh Sant Sangat Singh Kamaliawale and Baba Dr. Prem Singh Hoti Mardan (NWFP, Pakistan). The first lessons in Gurbani Kirtan he had from Bhai Hira Singh, a great ragi of Guabani of his times. The Sikh, Educational Conferences gave Dr. Sarab Singh jee the needed acceptance and he never looked back till the end. He was such a lover of Gurbani kirtan that he would forego everything for it. Gurdwara Mata Sahib Kaur Dal and Guru Arjan Dev Kirtan Mandal Patiala, were the main centres of his activities in this field and are also a testimony of the great services that he did for both these institutions. He gave training of Gurbani Kirtan to thousands of young girls and boys of Patiala who now are grown up and often mention about his great contribution.

Dr. Sahib had a very imposing and impressive personality in physical terms also with ever glowing face, flowing beard, shining eyes and a brood fore-head, but he also had a winsom smile and sweet tongue that would attract everyone around. He was full of humility and had unending love for one and all. He would spend generously for

educational institutions, orphanages and needy persons but would never make a show of it. He would perform kirtan in a manner as if he was in tune with the Infinite. Infact, he sang for the Guru and could naturally cast a spell.

Dr. Sarab Singh jee was a true Gursikh, who did selfless missionary work through the medium of Gurbani kirtan all through his life. His personal life was pure, pious, disciplined and kirtan oriented. He loved the recitation of Japji Sahib so much that ordinarily he would do twenty to thirty recitations in a day by His grace, through Gurbani kirtan. He moulded the minds and characters of thousands of men and women by making them turn to the path of Guru, God, Gurbani and goodness. I salute the great man !

★

# ਗੁਰੂ ਅਰਜਨ ਕੀਰਤਨ ਮੰਡਲ ਪਟਿਆਲਾ

ਮਾਸਟਰ ਤਰਲੋਚਨ ਸਿੰਘ ਜੀਤ

ਸਵਰਗਵਾਸੀ ਡਾ. ਸਰਬ ਸਿੰਘ ਜਿੱਥੇ ਪੰਜਾਬ ਤੇ ਪੰਜਾਬੀਆਂ ਦੇ ਸਰੀਰਕ ਰੋਗਾਂ ਦੇ ਉਪਚਾਰ ਲਈ ਕੀਤੇ ਆਪਣੇ ਕਾਰਜਾਂ ਲਈ ਯਾਦ ਰਹਿਣਗੇ ਉੱਥੇ ਉਨ੍ਹਾਂ ਦੁਆਰਾ ਸਥਾਪਿਤ ਕੀਤਾ ਗੁਰੂ ਅਰਜਨ ਕੀਰਤਨ ਮੰਡਲ ਆਪਣੀ ਬਹੁ-ਪੱਖੀ ਨਿਸ਼ਕਾਮ ਸੇਵਾ ਸਦਕਾ ਇਕ ਸਦੀਵੀ ਸੰਸਥਾ ਵਜੋਂ ਸਦਾ ਯਾਦ ਰਹੇਗਾ।

ਗੁਰੂ ਅਰਜਨ ਮੰਡਲ ਦੀ ਸਥਾਪਨਾ ਡਾ. ਸਾਹਿਬ ਨੇ ਅੱਜ ਤੋਂ ਕੋਈ 30-35 ਸਾਲ ਪਹਿਲਾਂ ਕੀਤੀ। ਇਸ ਪਿੱਛੇ ਉਨ੍ਹਾਂ ਦਾ ਵਿਸ਼ੇਸ਼ ਉਦੇਸ਼ ਸਿੱਖ ਬੱਚਿਆਂ ਨੂੰ ਗੁਰਬਾਣੀ, ਗੁਰ ਇਤਿਹਾਸ, ਸਿੱਖੀ ਜੀਵਨ ਤੇ ਕੀਰਤਨ ਨਾਲ ਜੋੜਨਾ ਸੀ। ਇਸ ਮੰਡਲ ਦੇ ਜ਼ਰੀਏ ਉਹ ਹਰ ਵਰ੍ਹੇ ਗੁਰਬਾਣੀ ਕੰਠ ਮੁਕਾਬਲੇ ਕਰਵਾਂਦੇ, ਬੱਚਿਆਂ ਨੂੰ ਉਤਸਾਹਿਤ ਕਰਨ ਲਈ ਉਹ ਨਿੱਤ ਨਵੇਂ ਢੰਗ ਸੋਚਦੇ। ਬੱਚਿਆਂ ਨੂੰ ਲੱਡੂ ਤੇ ਮਿਠਾਈਆਂ ਵੰਡਣੀਆਂ, ਸਰਟੀਫਿਕੇਟ ਤੇ ਸ਼ੀਲਡਾਂ ਵੰਡਣੀਆਂ, ਗੁਟਕੇ ਵੰਡਣੇ, ਕੱਪ ਦੇਣੇ। ਗੱਲ ਕੀ ਉਹ ਹਰ ਹੀਲੇ ਬੱਚਿਆਂ ਨੂੰ ਇਧਰ ਪ੍ਰੇਰਿਤ ਕਰਨ ਲਈ ਵਰਤਦੇ।

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਦੇ ਸਿਲਸਿਲੇ ਵਿੱਚ ਉਹ ਹਰ ਸਾਲ 40 ਦਿਨ ਦਾ ਇਕ ਮਹਾਨ ਸ਼ਹੀਦੀ ਜੋੜ ਮੇਲਾ ਕਰਵਾਂਦੇ। ਹਰ ਸ਼ਾਮ ਇਸ ਵਿਚ ਸੈਂਕੜੇ ਬੱਚੇ ਸ਼ਾਮਿਲ ਹੁੰਦੇ। ਗੁਟਕੇ ਹੱਥਾਂ ਵਿਚ ਫੜ ਇਹ ਬੱਚੇ ਜਪੁਜੀ ਦਾ ਪਾਠ ਕਰਦੇ। ਫਿਰ ਡਾ. ਸਾਹਿਬ ਆਪ ਵਾਜੇ ਤੇ ਕੀਰਤਨ ਕਰਦੇ ਤੇ ਆਨੰਦ ਮਈ ਸਮਾਂ ਬੰਨ੍ਹ ਦਿੰਦੇ।

ਡਾ. ਸਾਹਿਬ ਦੇ ਸਵਰਗਵਾਸ ਹੋਣ ਉਪਰੰਤ ਗੁਰੂ ਅਰਜਨ ਕੀਰਤਨ ਮੰਡਲ ਦੀਆਂ ਸਰਗਰਮੀਆਂ ਨੂੰ ਭਾਈ ਸਾਹਿਬ ਭਾਈ ਤਖਤ ਸਿੰਘ ਅਤੇ ਮਾਸਟਰ ਤਰਲੋਚਨ ਸਿੰਘ ਜੀਤ ਨੇ ਸੰਭਾਲਿਆ। ਉਨ੍ਹਾਂ ਨੇ ਵਰ੍ਹਿਆਂ ਬੱਧੀ ਅਣਥੱਕ ਯਤਨਾਂ ਨਾਲ ਨਾ ਸਿਰਫ ਡਾ. ਸਾਹਿਬ ਦੇ ਸ਼ੁਰੂ ਕੀਤੇ ਉੱਦਮ ਨੂੰ ਜਾਰੀ ਰੱਖਿਆ ਸਗੋਂ ਇਸ ਵਿਚ ਕਈ ਪੱਖਾਂ ਤੋਂ ਵਿਸਤਾਰ ਲਿਆ ਕੇ ਇਸ ਨੂੰ ਬਹੁ-ਪੱਖੀ ਨਿਸ਼ਕਾਮ ਸੇਵਾ ਦੀ ਮਹਾਨ ਸੰਸਥਾ ਦਾ ਰੂਪ ਦੇ ਦਿੱਤਾ।

ਅੱਜ ਇਹ ਸੰਸਥਾ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਯਾਦ ਵਿਚ ਹਰ ਸਾਲ 40 ਦਿਨ ਦਾ ਮਹਾਨ ਸ਼ਹੀਦੀ ਜੋੜ ਮੇਲਾ ਕਰਦੀ ਹੈ। ਇਸ ਵਿਚ ਸੈਂਕੜੇ ਬੱਚੇ ਬੜੇ ਉਤਸ਼ਾਹ ਨਾਲ ਗੁਰਬਾਣੀ ਗਾਇਨ ਅਤੇ ਕੀਰਤਨ ਵਿਚ ਭਾਗ ਲੈ ਕੇ ਜੀਵਨ ਸਫਲ ਕਰਦੇ ਹਨ। ਹਰ ਸ਼ਾਮ ਭਾਈ ਤਖਤ ਸਿੰਘ, ਭਾਈ ਜਗਜੀਤ ਸਿੰਘ ਆਪ ਕੀਰਤਨ ਕਰਦੇ ਹਨ ਤੇ ਬੱਚਿਆਂ ਤੇ ਬੀਬੀਆਂ ਨੂੰ ਕੀਰਤਨ ਨਾਲ ਜੋੜਦੇ ਹਨ।

ਗੁਰੂ ਅਰਜਨ ਕੀਰਤਨ ਮੰਡਲ ਇਸ ਜੋੜ ਮੇਲ ਦੇ ਨਾਲ ਨਾਲ ਹੁਣ ਹੋਰ ਕਈ ਪ੍ਰਕਾਰ ਦੀਆਂ ਪ੍ਰਤਿ-ਯੋਗਤਾਵਾਂ ਦੁਆਰਾ ਬੱਚਿਆਂ ਨੂੰ ਸਿੱਖੀ ਜੀਵਨ-ਜਾਚ ਨਾਲ ਜੋੜਨ ਦਾ ਉਦਮ ਕਰ

ਰਿਹਾ ਹੈ। ਇਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ :—

1. ਗੁਰਬਾਣੀ ਕੰਠ ਪ੍ਰਤਿ-ਯੋਗਤਾ
2. ਗੁਰਬਾਣੀ ਕੀਰਤਨ ਪ੍ਰਤਿ-ਯੋਗਤਾ
3. ਗੁਰਮਤਿ ਭਾਸ਼ਨ ਪ੍ਰਤਿ-ਯੋਗਤਾ
4, ਧਾਰਮਿਕ ਕਵਿਤਾ ਪਾਠ ਪ੍ਰਤਿ-ਯੋਗਤਾ
5. ਧਾਰਮਿਕ ਕਵਿਤਾ ਗਾਇਨ ਪ੍ਰਤਿ-ਯੋਗਤਾ
6. ਧਾਰਮਿਕ ਚਿਤ੍ਰਕਾਰੀ ਪ੍ਰਤਿ-ਯੋਗਤਾ
7. ਪੰਜਾਬੀ ਸੁਲੇਖ ਪ੍ਰਤਿ-ਯੋਗਤਾ
8, ਦਸਤਾਰ ਬੰਦੀ ਮੁਕਾਬਲਾ
9. ਅਰਦਾਸ ਪ੍ਰਤਿ-ਯੋਗਤਾ
10. ਸਾਖੀ ਪ੍ਰਤਿ-ਯੋਗਤਾ

ਇਨ੍ਹਾਂ ਵਿੱਚ ਸੈਂਕੜੇ ਬੱਚੇ ਭਾਗ ਲੈਂਦੇ ਹਨ। ਬੱਚਿਆਂ ਦੇ ਉੱਦਮ ਤੇ ਉਤਸ਼ਾਹ ਦਾ ਹਾਲ ਇਹ ਹੈ ਕਿ 11, 12 ਸਾਲ ਦੇ ਬਾਲਾਂ ਨੂੰ 20-22 ਤੋਂ ਵੀ ਵੱਧ ਬਾਣੀਆਂ ਕੰਠ ਹਨ।

ਕੁੱਝ ਵਰ੍ਹੇ ਪਹਿਲਾਂ ਪਾਉਂਟਾ ਸਾਹਿਬ ਵਿੱਚ ਹੋਏ ਇੱਕ ਸਰਬ-ਭਾਰਤੀ ਮੁਕਾਬਲੇ ਵਿੱਚ ਪਟਿਆਲੇ ਦੇ ਬੱਚਿਆਂ ਨੇ ਸਾਰੇ ਇਨਾਮ ਜਿੱਤ ਲਏ। ਸ: ਗੁਰਚਰਨ ਸਿੰਘ ਟੌਹੜਾ, ਪ੍ਰਧਾਨ, ਸ੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵੀ ਉੱਥੇ ਹੀ ਸਨ। ਸਭ ਨੇ ਟੌਹੜਾ ਸਾਹਿਬ ਦੀ ਪ੍ਰਸ਼ੰਸਾ ਕੀਤੀ ਕਿ ਉਨ੍ਹਾਂ ਦੇ ਉੱਦਮ ਨਾਲ ਪਟਿਆਲੇ ਦੇ ਬੱਚੇ ਇਹ ਇਨਾਮ ਜਿੱਤ ਗਏ ਹਨ। ਟੌਹੜਾ ਸਾਹਿਬ ਇਸ ਸਾਰੇ ਕੁਝ ਤੇ ਹੈਰਾਨ ਸਨ। ਪਿੱਛੋਂ ਉਹਨਾਂ ਨੂੰ ਪਤਾ ਲੱਗਾ ਕਿ ਇਹ ਗੁਰੂ ਅਰਜਨ ਕੀਰਤਨ ਮੰਡਲ ਦੇ ਯਤਨਾਂ ਦਾ ਫਲ ਸੀ ਤਾਂ ਉਹਨਾਂ ਨੇ ਮੰਡਲ ਦੇ ਕਾਰਜਾਂ ਤੇ ਬੜੀ ਖੁਸ਼ੀ ਅਤੇ ਪ੍ਰਸ਼ੰਸਾ ਦਾ ਪ੍ਰਗਟਾਵਾ ਕੀਤਾ।

ਅੱਜ ਗੁਰੂ ਅਰਜਨ ਕੀਰਤਨ ਮੰਡਲ ਗੁਰਬਾਣੀ ਗਾਇਨ ਤੇ ਕੀਰਤਨ ਤੋਂ ਬਿਨਾਂ ਸੇਵਾ ਦੇ ਕਾਰਜ ਵੀ ਕਰ ਰਿਹਾ ਹੈ। ਮੰਡਲ ਦਾ ਇਕ ਵਿੰਗ ਮਾਤਾ ਗੁਜਰੀ ਸੇਵਾ-ਦਲ ਸਾਰਾ ਸਾਲ ਗੁਰਦੁਆਰਾ ਦੁਖ-ਨਿਵਾਰਨ ਸਾਹਿਬ ਵਿੱਚ ਜਲ ਦੀ ਸੇਵਾ ਦਾ ਕਾਰਜ ਕਰਦਾ ਹੈ। ਇਹ ਵਿੰਗ ਗੁਰਪੁਰਬ ਤੇ ਹੋਰ ਵਿਸ਼ੇਸ਼ ਸਮਾਗਮਾਂ (ਜਿਵੇਂ ਪੰਚਮੀਆਂ ਦੇ ਜੋੜ-ਮੇਲੇ) ਤੇ ਚਾਹ ਦੀ ਸੇਵਾ ਵੀ ਕਰਦਾ ਹੈ। ਬੀਬੀ ਜਸਵਿੰਦਰ ਕੌਰ, ਬਲਵੰਤ ਕੌਰ ਤੇ ਅਮਰਜੀਤ ਕੌਰ ਇਸ ਪੱਖ ਤੋਂ ਵਿਸ਼ੇਸ਼ ਸਰਗਰਮ ਹਨ। ਮੰਡਲ ਦਾ ਇਕ ਹੋਰ ਵਿੰਗ ਹੈ ਭਾਈ ਘਨੱਈਆ ਸੇਵਾ-ਦਲ। ਇਹ ਸਾਰਾ ਸਾਲ ਗੁਰਦੁਆਰਾ ਦੁਖ-ਨਿਵਾਰਨ ਸਾਹਿਬ ਵਿਚ ਫਸਟਏਡ ਦੁਆਰਾ ਛੋਟੇ ਮੋਟੇ ਦੁੱਖਾਂ-ਤਕਲੀਫਾਂ ਦਾ ਇਲਾਜ ਕਰਦਾ ਹੈ। ਮੰਡਲ ਹਰ ਸਾਲ ਗਰੀਬਾਂ, ਲੋੜਵੰਦਾਂ ਦੀ ਮੱਦਦ ਦੀ ਵੀ ਕੋਸ਼ਿਸ਼ ਕਰਦਾ ਹੈ। ਇਸ ਪੱਖੋਂ

ਵਿਧਵਾਵਾਂ ਤੇ ਨੇਤ੍ਰਹੀਨਾਂ ਦੀ ਬਸਤਰਾਂ ਤੇ ਮਾਇਆ ਨਾਲ ਸੇਵਾ ਕੀਤੀ ਜਾਂਦੀ ਹੈ। ਗਰੀਬ ਬੱਚਿਆਂ ਦੀ ਫੀਸ ਤੇ ਕਿਤਾਬਾਂ ਨਾਲ ਮਦਦ ਕੀਤਾ ਜਾਂਦੀ ਹੈ।

ਗੁਰੂ ਅਰਜਨ ਕੀਰਤਨ ਮੰਡਲ ਦੀਆਂ 2 ਹੋਰ ਬਰਾਂਚਾਂ ਹਨ। ਗੁਰੂ ਨਾਨਕ ਕੀਰਤਨ ਮੰਡਲ, ਮਾਡਲ ਟਾਊਨ, ਪਟਿਆਲਾ ਤੇ ਗੁਰੂ ਰਾਮਦਾਸ ਕੀਰਤਨ ਮੰਡਲ, ਤ੍ਰਿਪੜੀ ਟਾਊਨ, ਪਟਿਆਲਾ। ਪਹਿਲੀ ਸੰਸਥਾ ਦੇ ਮੁੱਖ ਸੇਵਾਦਾਰ ਹਨ ਸ. ਧਰਮਬੀਰ ਸਿੰਘ ਤੇ ਦੂਜੀ ਦੇ ਸ. ਹਰਬੰਸ ਸਿੰਘ। ਇਹ ਆਪੋ ਆਪਣੇ ਇਲਾਕੇ ਵਿਚ ਗੁਰੂ ਅਰਜਨ ਕੀਰਤਨ ਮੰਡਲ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਸਰਗਰਮ ਹਨ। ਗੁਰੂ ਅਰਜਨ ਕੀਰਤਨ ਮੰਡਲ ਦੀਆਂ ਕੁਝ ਸਹਿਯੋਗੀ ਜਥੇ-ਬੰਦੀਆਂ ਵੀ ਹਨ। ਇਨ੍ਹਾਂ ਵਿਚੋਂ ਕੁਝ ਮੁੱਖ ਹਨ :-ਆਜ਼ਾਦ ਸੇਵਾ ਦਲ, ਗੁਰੂ ਨਾਨਕ ਸੇਵਾ ਦਲ, ਸੇਵਾ-ਮਿਸ਼ਨ, ਪਾਲਿਸ਼ ਸੇਵਾ ਦਲ ਤੇ ਅਕਾਲ ਸਹਾਇ ਸੰਗੀਤ ਸਭਾ।

ਇਸ ਪ੍ਰਕਾਰ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਸਦਕਾ ਗੁਰੂ ਅਰਜਨ ਕੀਰਤਨ ਮੰਡਲ ਪੰਜਾਬ ਤੇ ਪੰਜਾਬੀਆਂ ਦੀ ਬਹੁ-ਪੱਖੀ ਸੇਵਾ ਵਿਚ ਸਰਗਰਮ ਹੈ।

# ਸ਼ਬਦ ਵਿਚਾਰ

ਪ੍ਰਿੰਸੀਪਲ ਸਾਹਿਬ ਸਿੰਘ

ੴ ਸਤਿਗੁਰ ਪ੍ਰਸਾਦਿ ॥ ਰਾਗੁ ਦੇਵਗੰਧਾਰੀ ਮਹਲਾ ॥੯॥
ਯਹ ਮਨੁ ਨੈਕ ਨ ਕਹਿਓ ਕਰੈ ॥
ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥1॥ ਰਹਾਉ ॥
ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥1॥
ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥
ਕਹੁ ਨਾਨਕ ਭਜੁ ਰਾਮਨਾਮ ਨਿਤ ਜਾ ਤੇ ਕਾਜੁ ਸਰੈ ॥1॥2॥

**ਅਰਥ :**–ਹੇ ਭਾਈ ! ਇਹ ਮਨ ਰਤਾ ਭਰ ਭੀ ਮੇਰਾ ਕਿਹਾ ਨਹੀਂ ਮੰਨਦਾ। ਮੈਂ ਆਪਣੇ ਵਲੋਂ ਇਸ ਨੂੰ ਸਿੱਖਿਆ ਦੇ ਦੇ ਕੇ ਥੱਕ ਗਿਆ ਹਾਂ, ਫਿਰ ਭੀ ਇਹ ਖੋਟੀ ਮਤਿ ਵੱਲੋਂ ਹਟਦਾ ਨਹੀਂ। 1 ਰਹਾਉ।

ਹੇ ਭਾਈ ! ਮਾਇਆ ਦੇ ਨਸ਼ੇ ਵਿਚ ਇਹ ਮਨ ਝੱਲਾ ਹੋਇਆ ਪਿਆ ਹੈ, ਕਦੇ ਇਹ ਪ੍ਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਾਣੀ ਨਹੀਂ ਉਚਾਰਦਾ, ਵਿਖਾਵਾ ਕਰਕੇ ਦੁਨੀਆਂ ਨੂੰ ਠੱਗਦਾ ਰਹਿੰਦਾ ਹੈ, ਤੇ (ਠੱਗੀ ਨਾਲ ਇਕੱਠੇ ਕੀਤੇ ਧਨ ਰਾਹੀਂ) ਆਪਣਾ ਪੇਟ ਭਰਦਾ ਰਹਿੰਦਾ ਹੈ।

ਹੇ ਭਾਈ ! ਕੁੱਤੇ ਦੀ ਪੂਛ ਵਾਂਗ ਇਹ ਮਨ ਕਦੇ ਭੀ ਸਿੱਧਾ ਨਹੀਂ ਹੁੰਦਾ, (ਕਿਸੇ ਦੀ ਭੀ) ਦਿੱਤੀ ਹੋਈ ਸਿੱਖਿਆ ਨੂੰ ਧਿਆਨ ਨਾਲ ਨਹੀਂ ਸੁਣਦਾ। ਹੇ ਨਾਨਕ ! (ਮੁੜ ਇਸ ਨੂੰ) ਆਖ- (ਹੇ ਮਨ !) ਪਰਮਾਤਮਾ ਦੇ ਨਾਮ ਦਾ ਭਜਨ ਕਰਿਆ ਕਰ ਜਿਸ ਦੀ ਬਰਕਤਿ ਨਾਲ ਤੇਰਾ ਜਨਮ ਮਨੋਰਥ ਹੱਲ ਹੋ ਜਾਏ।2।

# ਰਾਗ ਦੇਵ ਗੰਧਾਰੀ

ਪ੍ਰੋ. ਤਾਰਾ ਸਿੰਘ

## ਸੰਖੇਪ ਪਰਿਚਯ

ਦੇਵ-ਗੰਧਾਰੀ, ਸ਼ਾਸਤਰੀ ਸੰਗੀਤ ਦਾ ਬੜਾ ਪੁਰਾਤਨ ਰਾਗ ਹੈ। ਇਹ ਸਰਬ ਸਾਧਾਰਣ ਰਾਗਾਂ ਵਿਚੋਂ ਨਹੀਂ ਸਗੋਂ ਇਕ ਅਪ੍ਰਚਲਿਤ ਪ੍ਰਕਾਰ ਹੈ।

ਮੱਧਕਾਲ ਦੇ ਲੱਗਭੱਗ ਹਰ ਇਕ ਸੰਗੀਤ ਗਰੰਥ ਵਿਚ ਇਸ ਰਾਗ ਦਾ ਉਲੇਖ ਕਿਸੇ ਨਾ ਕਿਸੇ ਰੂਪ ਵਿਚ ਅਵੱਸ਼ ਪ੍ਰਾਪਤ ਹੁੰਦਾ ਹੈ। ਸੰਸਕ੍ਰਿਤ ਗਰੰਥ-ਰਾਗ-ਤਰੰਗਣੀ, ਹਿਰਦੈ ਕੌਤਕ, ਹਿਰਦੈ ਪ੍ਰਕਾਸ਼, ਰਾਏ ਚੰਦ੍ਰੋਦਯ, ਆਦਿ ਇਸ ਨੂੰ ਦੇਵ ਗੰਧਾਰ ਕਹਿੰਦੇ ਹਨ ਕੁਝ ਲੇਖਕ ਅਤੇ ਕਲਾ-ਕਾਰ ਇਸ ਰਾਗ ਨੂੰ ਸੰਖੇਪ ਵਿਚ "ਗੰਧਾਰੀ" ਵੀ ਆਖ ਦਿੰਦੇ ਹਨ ਪਰ ਗੰਧਾਰੀ ਇਕ ਸੁਤੰਤਰ ਰਾਗ ਹੈ। ਭਾਰਤੀ ਸੰਗੀਤ ਵਿਚ ਗਵਾਲੀਅਰ ਘਰਾਣੇ ਨੂੰ ਪ੍ਰਮੁੱਖ ਸਥਾਨ ਦਿੱਤਾ ਜਾਂਦਾ ਹੈ। ★ਉਸ ਘਰਾਣੇ ਦੇ ਗਾਇਕ ਇਸ ਨੂੰ "ਦੇਵਗੰਧਾਰੀ,' ਹੀ ਕਹਿੰਦੇ ਹਨ।" ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵੀ ਇਸ ਦਾ ਨਾਮ "ਰਾਗੁ ਦੇਵ ਗੰਧਾਰੀ" ਹੀ ਮਿਲਦਾ ਹੈ।

ਦੇਵ ਗੰਧਾਰੀ ਰਾਗ ਦੇ ਦੋ ਪ੍ਰਕਾਰ ਹਨ। ਇਕ ਪ੍ਰਕਾਰ ਉਹ ਕਿ ਜਿਸ ਦੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ, ਅਵਰੋਹ ਸੰਪੂਰਣ, ਵਾਦੀ ਧੈਵਤ, ਸੰਵਾਦੀ ਗੰਧਾਰ ਅਤੇ ਸਮਾਂ ਪ੍ਰਾਤਾਕਾਲ ਹੈ। ਇਸ ਦੇ ਪੂਰਵਾਂਗ ਵਿਚ ਧਨਾ ਸਰੀ ਅਤੇ ਉਤ੍ਰਾਂਗ ਵਿਚ ਜੌਨਪੁਰੀ ਦੀ ਰੰਗਤ ਦ੍ਰਿਸ਼ਟੀਗੋਚਰ ਹੁੰਦੀ ਹੈ।

ਦੂਜੇ ਪ੍ਰਕਾਰ ਵਿਚ ਧੈਵਤ ਨਿਸ਼ਾਦ ਕੋਮਲ, ਗੰਧਾਰ ਦੋਵੇਂ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ (ਲੇਖਕ ਨੇ ਇਸੇ ਰੂਪ ਨੂੰ ਅਪਨਾਇਆ ਹੈ)। ਇਸ ਨੂੰ ਆਸਾਵਰੀ ਮੇਲ ਜਾਂ ਆਸਾਵਰੀ ਅੰਗ ਦਾ ਰਾਗ ਮੰਨਿਆ ਜਾਂਦਾ ਹੈ। ਇਸ ਦਾ ਵਾਦੀ ਧੈਵਤ ਅਤੇ ਸੰਵਾਦੀ ਗੰਧਾਰ ਹੈ ਅਤੇ ਜਾਤੀ।

---

★ਗਵਾਲੀਅਰ ਘਰਾਣੇ ਦੇ ਪ੍ਰਤਿਨਿਧ ਗਾਇਕ ਪੰਡਿਤ ਕ੍ਰਿਸ਼ਣਾ ਰਾਓ ਪ੍ਰਿੰਸੀਪਲ, ਸ਼ੰਕਰ ਗਾਂਧਰਵ ਵਿਦਿਆਲਾ ਗਵਾਲੀਅਰ, ਆਪਣੀ ਪੁਸਤਕ ਸੰਗੀਤ ਪ੍ਰਵੇਸ਼, ਭਾਗ ਦੂਸਰਾ ਦੇ ਪੰਨਾ 88 ਤੇ 'ਦੇਵਗੰਧਾਰੀ ਰਾਗ' ਦਾ ਪਰਿਚਯ ਇਸ ਪ੍ਰਕਾਰ ਦਿੰਦੇ ਹਨ :—"ਇਹ ਰਾਗ ਆਸਾਵਰੀ ਮੇਲ ਦਾ ਹੈ। ਸਰੂਪ ਵੀ ਇਸ ਦਾ ਆਸਾਵਰੀ ਨਾਲ ਬਹੁਤ ਮਿਲਦਾ ਹੈ। ਜਿਸ ਨੂੰ ਆਸਾਵਰੀ ਤੋਂ ਵੱਖ ਕਰਨ ਲਈ ਦੋ ਗੰਧਾਰ ਲਗਾਏ ਜਾਂਦੇ ਹਨ, ਜਿਹੜੇ ਕਿ ਦੇਵਗੰਧਾਰੀ ਦੇ ਸਰੂਪ ਨੂੰ ਵਿਸ਼ੇਸ਼ ਤੌਰ ਤੇ ਪ੍ਰਗਟ ਕਰਦੇ ਹਨ। ਸਾਡੇ ਘਰਾਣੇ ਵਿਚ ਇਸ ਨੂੰ ਦੇਵਗੰਧਾਰੀ ਕਹਿੰਦੇ ਹਨ। ਇਸ ਦੇ ਆਰੋਹ ਵਿਚ ਸ਼ੁੱਧ ਅਤੇ ਅਵਰੋਹ ਵਿਚ ਕੋਮਲ ਗੰਧਾਰ ਲਗਾਇਆ ਜਾਂਦਾ ਹੈ, ਅਤੇ ਆਰੋਹ-ਅਵਰੋਹ ਸੰਪੂਰਣ ਹੋ ਕੇ ਵਕਰ ਹੁੰਦਾ ਹੈ। ਇਸ ਨੂੰ ਆਸਾਵਰੀ ਨਾਲੋਂ ਜੁਦਾ ਕਰਕੇ ਗਾਉਣਾ ਹੀ ਚਤੁਰਤਾ ਹੈ। ਇਸ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।"

ਇਸ ਤੋਂ ਉਪਰੰਤ ਦੇਵਗੰਧਾਰੀ ਦੇ ਸਰੂਪ ਬਾਰੇ ਉਸ ਪੁਸਤਕ ਵਿਚ ਇਕ ਦੋਹਰਾ ਆਪ ਨੇ ਇਸ ਤਰ੍ਹਾਂ ਅੰਕਿਤ ਕੀਤਾ ਹੈ :

"ਆਸਾਵਰੀ ਕੋ ਮੇਲ ਲੇ ਦੁਹੂ ਗੰਧਾਰ ਲਗਾਯ।  
ਗ ਧ ਵਾਦੀ ਸੰਵਾਦੀ ਤੋਂ ਦੇਵਗੰਧਾਰੀ ਕਹਾਯ।

ਵਕਰ ਦੀ ਸੰਪਰੂਨ ਹੈ ਅਤੇ ਗਾਉਣ ਦਾ ਵੇਲਾ ਦਿਨ ਦਾ ਦੂਜਾ ਪਹਿਰ ਹੈ। ਦੇਵਗੰਧਾਰੀ ਦਾ ਦੂਜਾ ਪ੍ਰਕਾਰ ਮੰਨੋਰੰਜਕ ਹੋਣ ਦੇ ਕਾਰਣ ਵਧੇਰੇ ਪ੍ਰਚਲਿਤ ਹੈ । ਧੈਵਤ ਵਾਦੀ ਹੋਣ ਦੇ ਨਾਲ ਇਸ ਨੂੰ ਉਤ੍ਰਾਂਗ ਪ੍ਰਧਾਨ ਰਾਗਾਂ ਦੇ ਵਰਗ ਵਿਚ ਸ਼ਾਮਲ ਕੀਤਾ ਜਾਂਦਾ ਹੈ। ਦੇਵਗੰਧਾਰੀ ਦੇ ਆਰੋਹ ਵਿਚ ਕੋਮਲ ਗੰਧਾਰ ਵਰਜਿਤ ਹੈ ਪਰੰਤੂ ਤੀਬਰ ਗੰਧਾਰ "ਸਾਰੇਗਾਮਾ" ਦੇ ਰੂਪ ਵਿਚ ਆਵੱਸ਼ਕ ਤੌਰ ਤੇ ਲਿਆ ਜਾਂਦਾ ਹੈ। ਇਸ ਤੇ ਉਤ੍ਰਾਂਗ ਵਿਚ ਮਪਨ੍ਹੀਧੁ ਪ" ਸੁਰ ਸਮੂਹਿ ਬਾਰ ਬਾਰ ਵਰਤਿਆ ਜਾਂਦਾ ਹੈ। ਦੇਵਗੰਧਾਰੀ ਦੇ ਸਮਪ੍ਰਕ੍ਰਿਤਕ ਦੋ ਰਾਗ-ਆਸਾਵਰੀ ਅਤੇ ਜੌਨਪੁਰੀ ਹਨ। ਉਨ੍ਹਾਂ ਤੋਂ ਵੱਖ ਕਰਨ ਲਈ ਇਸ ਵਿਚ ਸ਼ੁਧ ਗੰਧਾਰ ਦੀ ਵਰਤੋਂ "ਸਾ, ਰੇ ਨ੍ਹੀ ਸਾ ਰੇ ਗ, ਗ, ਮ," ਬਹੁਤ ਸਹਾਈ ਹੁੰਦੀ ਹੈ। ਭਿੰਨਤਾ ਕਰਨ ਲਈ ਪ੍ਰਭਾਤ ਵੇਲੇ ਦੇ ਰਾਗਾਂ ਵਿਚ "ਸਾ ਰੇ ਗ ਮ" ਸੁਰਾਵਲੀ ਵੈਸੇ ਵੀ ਅਤਿਅੰਤ ਮਨੋਰੰਜਕ ਪ੍ਰਤੀਤ ਹੁੰਦੀ ਹੈ। ਕਲਾਕਾਰ ਦੇਵਗੰਧਾਰੀ ਵਿਚ "ਸਾ ਨ੍ਹੀ ਧੁਾ ਪ" ਸੁਰ ਸੰਗਤਿ ਨੂੰ ਬਹੁਤ ਮਹੱਤਵ ਦਿੰਦੇ ਹਨ। ਇਸ ਵਿਚ ਸ਼ੁਧ ਅਤੇ ਕੋਮਲ ਗੰਧਾਰ ਦੀ ਵਰਤੋਂ ਇਸ ਤਰ੍ਹਾਂ ਕੀਤੀ ਜਾਂਦੀ ਹੈ :—ਮ ਪ ਧੁ ਪ ਮ ਗੁ ਸਾ ਰੇ ਗ ਮ, ਜਾਂ "ਰੇ ਨ੍ਹੀ ਸਾ ਰੇ ਗ, ਮ, ਪ ਮ ਗੁ, ਰੇਸਾ।" ਇਸਰਾਗ ਦਾ ਗ੍ਰਹਿ (ਆਰੰਭਿਕ) ਸੁਰ ਮੱਧਿਅਮ ਮੰਨਿਆ ਜਾਂਦਾ ਹੈ। ਅਵਰੋਹਾਤਮਕ ਰੂਪ ਵਿਚ "ਪ ਮ ਗੁ' ਸੁਰ ਸੰਗਤਿ ਬੜੀ ਮਹੱਤਵ ਪੂਰਣ ਹੈ।

---

## ਸ਼ਬਦ ਗੀਤ ਦੀ ਤਾਲ—ਤਿੰਨ ਤਾਲ

ਤਬਲੇ ਦੇ ਖੇਤਰ ਵਿੱਚ ਤਿੰਨ ਤਾਲ ਅਤਿਅੰਤ ਪ੍ਰਸਿੱਧ ਤਾਲ ਹੈ। ਇਸ ਤਾਲ ਵਿੱਚ ਸੋਲ੍ਹਾਂ ਮਾਤਰਾਂ ਦਾ ਸਮਾਂ ਹੁੰਦਾ ਹੈ। ਇਸ ਦੇ ਸਮਾਨ ਮਾਤਰਾਂ ਦੇ ਚਾਰ ਵਿਭਾਗ ਕੀਤੇ ਜਾਂਦੇ ਹਨ। ਪਹਿਲੀ ਮਾਤਰਾ ਤੇ ਸਮ, ਪੰਜਵੀਂ ਤੇ ਦੂਜੀ ਤਾਲੀ, ਨੌਵੀਂ ਤੇ ਖ਼ਾਲੀ ਅਤੇ ਤੇਰਵੀਂ ਮਾਤਰਾ ਤੇ ਤੀਜੀ ਤਾਲੀ ਹੈ।

| ਠੇਕਾ | | | | |
|---|---|---|---|---|
| ਮਾਤਰਾਂ | : 1 2 3 4 | 5 6 7 8 | 9 10 11 12 | 13 14 15 16 |
| ਬੋਲ | : ਧਾ ਧਿੰ ਧਿੰ ਧਾ | ਧਾ ਧਿੰ ਧਿੰ ਧਾ | ਧਾ ਤਿੰ ਤਿੰ ਤਾ | ਤਾ ਧਿੰ ਧਿੰ ਧਾ |
| ਤਾਲੀ | : X | 2 | 0 | 3 |

# ਰਾਗ ਦੇਵਗੰਧਾਰੀ ਤਿੰਨਤਾਲ

**ਸਥਾਈ :—**

| | | | |
|---|---|---|---|
| | | | ਧੁ ਮ ਪ ਨੀ<br>ਘ ਹ ਮ ਨੁ<br>3 |
| ਧੁ - ਪ ਪ<br>ਨੈ ऽ ਕ ਨ<br>× | ਧੁ ਮ ਪਧੁ ਮਪ<br>ਕ ਹਿਓ ऽऽ ਕ ऽ<br>2 | ਮ<br>ਗੁ - ਰੇ ਸ<br>ਰੈ ऽ ऽ ऽ<br>0 | ਗੁ - ਰੇ ਸਾ<br>ਸੀ ऽ ਖ ਸਿ<br>3 |
| ਰੇ - ਸਾ ਸਾ<br>ਖਾ ऽ ਇ ਰ<br>× | ਰੇ ਨੀ ਸਾ ਰੇ<br>ਹਿਓ ऽ ਅ ਪ<br>2 | ਰੇ<br>ਗ ਗ ਮ ਗੁਮ<br>ਨੀ ऽ ਸੀ ऽऽ<br>0 | ਪ ਪ ਧੁ ਧੁ<br>ਦੁ ਰ ਮਤਿ<br>3 |
| ਸਾਂਰੇਂ ਗੁਂ ਰੇਂ ਸਾਂ<br>ਤੇ ऽ ऽ ਨ ਟ<br>× | ਰੇਂ ਨੀ ਸਾਂ ਰੇਂ<br>ਰੈ ऽ ऽ ऽ<br>2 | ਨੀ ਨੀ<br>ਧੁ ਧੁ ਪ -<br>ऽ ऽ ऽ ऽ<br>0 | 3 |

**ਅੰਤਰਾ :—**

| | | | |
|---|---|---|---|
| | | | ਮ ਮ ਪ -<br>ਮ ਦਿ ਮਾ ऽ<br>3 |
| ਨੀ - ਨੀ<br>ਧੁ - ਧੁ -<br>ਇਆ ऽ ਕੈ ऽ<br>× | ਸਾਂ ਸਾਂ - ਸਾਂ<br>ਭ ਇਓ ऽ ਬਾ<br>2 | - ਸਾਂ ਸਾਂ -<br>ऽ ਵ ਰੈ ऽ<br>0 | ਨੀ ਨੀ<br>ਧੁ ਧੁ ਸਾਂ ਸਾਂ<br>ਹ ਰਿ ਜ ਸੁ<br>3 |
| ਸਾਂਰੇਂ ਗੁਂ ਰੇਂ ਸਾਂ<br>ਨ ऽ ਹਿ ਉ ਚ<br>× | ਰੇਂ ਨੀ ਸਾਂ ਰੇਂ<br>ਰੈ ऽ ऽ ऽ<br>2 | ਨੀ ਨੀ<br>ਧੁ ਧੁ ਪ -<br>ऽ ऽ ऽ ऽ<br>0 | ਧੁ ਮ ਪ ਸਾਂ<br>ਕ ਰਿ ਪ ਰ<br>3 |
| ਨੀ<br>ਧੁ - ਪ, ਪ<br>ਪੰ ऽ ਚੁ, ਜ<br>× | ਧੁ ਮ ਪਧੁ ਮਪ<br>ਗ ਤ ਕਉ ऽऽ<br>2 | ਮ ਮ<br>ਗੁ ਗੁ ਰੇ ਸ<br>ਡ ਹ ਕੈ ऽ<br>0 | ਰੇ ਗੁ ਰੇ ਸਾ<br>ਅ ਪ ਨੇ ऽ<br>3 |
| ਰੇ ਨੀ ਸਾ ਰੇ<br>ਉ ਦ ਰੁ ਭ<br>× | ਗ ਰੇਗ ਮ ਗਮ<br>ਰੇ ऽऽ ऽ ऽऽ<br>2 | ਰੇ ਮ ਰੇਮ ਪ<br>ऽ ऽ ऽऽ ऽ<br>0 | |

**ਨੋਟ** :-ਬਾਕੀ ਅੰਤਰੇ ਵੀ ਇਸੇ ਤਰ੍ਹਾਂ ਗਾਏ ਜਾਣ ।

# ਦਾਦਰਾ ਤਾਲ

ਡਾ. ਜਤਿੰਦਰ ਸਿੰਘ ਖੰਨਾ

## ਪਰਿਭਾਸ਼ਕ ਜਾਣ ਪਹਿਚਾਣ

**ਨਾਮ :**–ਇੱਕ ਵਿਚਾਰ ਇਹ ਹੈ ਕਿ ਉਪ ਸ਼ਾਸਤਰੀ ਸੰਗੀਤ ਦੀ ਗਾਇਨ ਸ਼ੈਲੀ ਦਾਦਰਾ ਨਾਲ ਵਜਾਈ ਜਾਣ ਵਾਲੀ ਤਾਲ ਨੂੰ ਦਾਦਰਾ ਕਹਿੰਦੇ ਹਨ। ਇਹ ਵਿਸ਼ਾ ਅਜੇ ਖੋਜ ਦਾ ਹੈ ਕਿ ਦਾਦਰਾ ਗਾਇਨ ਸ਼ੈਲੀ ਕੀ ਕਦੀ ਦਾਦਰਾ ਤਾਲ ਵਿੱਚ ਗਾਈ ਜਾਂਦੀ ਸੀ ? ਕਿਉਂਕਿ ਅੱਜ ਕੱਲ੍ਹ ਤਾਂ ਦਾਦਰੇ, ਕਹਿਰਵਾ ਅਤੇ ਖੇਮਟਾ ਤਾਲਾਂ ਵਿੱਚ ਵੀ ਗਾਏ ਜਾਂਦੇ ਹਨ। ਦੂਜਾ ਵਿਚਾਰ ਇਹ ਹੈ ਕਿ ਦੇਵ ਨਾਗਰੀ ਲਿੱਪੀ ਵਿੱਚ ਲਿਖੀ ਜਾਣ ਵਾਲੀ ਹਿੰਦੀ ਭਾਸ਼ਾ ਵਿਚ ਡੱਡੂ ਨੂੰ ਦਾਦਰ ਕਹਿੰਦੇ ਹਨ। ਇਸ ਲਈ ਇਸ ਦੇ ਬੋਲਣ ਦੇ ਅਧਾਰ ਤੇ ਇਸ ਤਾਲ ਦਾ ਨਿਰਮਾਣ ਹੋਣ ਕਾਰਨ ਇਸ ਦੇ ਵਿਗੜੇ ਹੋਏ ਰੂਪ ਨੂੰ ਦਾਦਰਾ ਕਹਿੰਦੇ ਹਨ। ਇਹ ਵਿਚਾਰ ਵੀ ਅਜੇ ਖੋਜ ਦੀ ਕਸਵਟੀ ਤੇ ਪਰਖਣਾ ਬਾਕੀ ਹੈ ਕਿ ਕੀ ਡੱਡੂ ਦੇ ਟੱਰਾਉਣ ਦੀ ਗਤੀ, ਚਾਲ ਅਤੇ ਲੈਅ ਦਾਦਰਾ ਤਾਲ ਨਾਲ ਮਿਲਦੀ ਹੈ ? ਤੀਜਾ ਵਿਚਾਰ ਇਹ ਹੈ ਕਿ ਏਸ਼ੀਆ ਮਹਾਂਦੀਪ ਦੇ ਭਾਰਤ ਦੇਸ਼ ਦੇ ਮਹਾਂਰਾਸ਼ਟਰ ਪ੍ਰਾਂਤ ਦੀ ਰਾਜਧਾਨੀ ਬੰਬਈ ਦੇ ਨੇੜੇ ਇੱਕ ਜਗ੍ਹਾ ਦਾ ਨਾਮ ਦਾਦਰ ਹੈ ਤੇ ਇਸ ਦੇ ਨਾਂ ਤੇ ਤਾਲ ਦਾਦਰਾ ਦਾ ਨਾਮ ਰੱਖਿਆ ਗਿਆ। ਇਹ ਨਿਰਣਾ ਵੀ ਅਜੇ ਹੋਣਾ ਹੈ ਕਿ ਕੀ ਡੱਡੂ (ਦਾਦਰ) ਅਤੇ ਦਾਦਰ ਪਿੰਡ ਦਾ ਕੋਈ ਆਪਸੀ ਸਬੰਧ ਹੈ ਜਾਂ ਇਸ ਪਿੰਡ ਦੇ ਲੋਕ ਸੰਗੀਤ ਨਾਲ ਦਾਦਰਾ ਤਾਲ ਦਾ ਕੋਈ ਸੁਮੇਲ ਹੈ ?

**ਮਾਤਰਾਵਾਂ** :–ਇਸ ਤਾਲ ਦੀਆਂ ਛੇ ਮਾਤਰਾਵਾਂ ਹਨ।

**ਵਿਭਾਗ** :–ਇਸ ਤਾਲ ਦੇ ਦੋ ਵਿਭਾਗ ਹਨ ਅਤੇ ਹਰ ਇੱਕ ਵਿਭਾਗ ਦੀਆਂ ਤਿੰਨ-ਤਿੰਨ ਮਾਤਰਾਵਾਂ ਹਨ।

**ਤਾੜੀ** :–ਇਸ ਤਾਲ ਦੀ ਪਹਿਲੀ ਮਾਤਰਾ ਤੇ ਤਾੜੀ ਵਜਾਈ ਜਾਂਦੀ ਹੈ।

**ਖਾਲੀ** :-ਇਸ ਤਾਲ ਦੀ ਚੌਥੀ ਮਾਤਰਾ ਤੇ ਖਾਲੀ ਦਿਖਾਇਆ ਜਾਂਦਾ ਹੈ।

**ਸਮ ਮਾਤਰਾ ਤਾਲ** :-ਇਸ ਤਾਲ ਨਾਲ ਮੇਲ ਖਾਂਦੀ ਤਾਲ ਹੈ, ਖੇਮਟਾ ਜਾਂ ਨਕਟਾ।

ਇਹ ਤਬਲੇ ਦੀ ਅਤੇ ਬੰਦ ਬੋਲਾਂ ਦੀ ਤਾਲ ਹੈ।

ਇਹ ਠੁਮਰੀ, ਦਾਦਰਾ, ਕਵਾਲੀ, ਗ਼ਜ਼ਲ, ਸ਼ਬਦ, ਭਜਨ, ਗੀਤ, ਲੋਕ ਗੀਤ ਅਤੇ ਫਿਲਮੀ ਗੀਤਾਂ ਨਾਲ ਵਜਾਈ ਜਾਂਦੀ ਹੈ। ਇਹ ਹਿੰਦੁਸਤਾਨੀ ਸੰਗੀਤ ਪੱਧਤੀ ਦੇ ਢੋਲ, ਢੋਲਕੀ, ਨਕਾਰੀ ਅਤੇ ਤਬਲੇ ਉੱਤੇ ਅਤੇ ਪੱਛਮੀ ਸੰਗੀਤ ਪੱਧਤੀ ਦੇ ਡਰੱਮ, ਕਾਂਗੋ, ਬਾਂਗੋ ਸਾਜ਼ਾਂ ਉੱਤੇ ਵਜਾਈ ਜਾਂਦੀ ਹੈ।

**ਬੋਲ** (ਠੇਕਾ)

| | | | | | |
|---|---|---|---|---|---|
| — | | | O | | |
| 1 | 2 | 3 | 4 | 5 | 6 |
| ਧਾ | ਧਿੰਨ | ਨਾ | ਧਾ | ਤਿੰਨ | ਨਾ |

# पंजाब के संगीत घराने

डॉ. डी. एस. नरूला

गतांक से आगे—

"गुरु का विशिष्ट संप्रदाय और उनकी शिष्य परंपरा तो कर्नाटक संगीत में भी है, मगर उसमें भी संगीत के घराने नहीं होते। घराना जैसी विशेषता उत्तरी-संगीत में ही पाई जाती है।" (१४)

"सच्च तो यह है कि जिसे घराना कहते हैं वह हिंदोस्तानी संगीत की निराली विशेषता है। संसार का कोई और संगीत घरानों के लिए अनुकूल अथवा उपयुक्त नहीं बना और न बन सकता है। हिंदोस्तानी संगीत ही में घराने हुए हैं, संगीत के विकास में इनका बड़ा हाथ है। यह कहना भी आपत्तिजनक न होगा कि यदि घराने न होते तो हमारे संगीत की पैतृक संपत्ति सुरक्षित न रहती और हमें पिछले युगों के संगीत का कोई ज्ञान न होता। एक तरह से घराने हमारे मार्ग-दर्शक अथवा पथ-प्रदर्शक रहे हैं। (१५)

घरानों के विपक्ष के तर्क :—

भारतीय संगीत के सिद्धांतक ढांचे में घराने की कोई ठोस परिभाषा अथवा महत्त्व नहीं है क्योंकि घराना कोई वैज्ञानिक प्रणाली नहीं है। जो लोग घराने को सौन्दर्य प्रणाली मानते है, वे भूल करते हैं क्योंकि सौन्दर्य की कोई प्रणाली नहीं होती। प्रत्येक रियाज़ी कलाकार एक नए घराने अथवा नई शैली को जन्म देता है। यही कारण है कि :

एक ही घराने की पीढ़ियां बीत जाने पर गाने में कैसा परिवर्तन होता जाता है। यह देखना हो तो अब्दुल करीम खां, सवाई गंधर्व, गंगूबाई, इन नामों को क्रमशः याद करके लिखिए। विशेष रूप से खां साहब और भीमसैन के गाने की तुलना कर के देखें और सवाल यह है कि खाँसाहब किसका अनुकरण करके गाते हैं। क्या घराने के संस्थापक के नाते उसके लिए नियम भिन्न हैं? उसके लिऐ अगर नियम

भिन्न हैं तो नई कमाई करने वाले और मूल गायकी को समृद्ध करने वाले सवाई गंधर्व के लिये कौन से नियम हैं? अपने कानों और मन को खुला रखकर भीमसेन जी ने भी नया रंग पैदा किया है। ये कोई घराने के विद्रोही पुत्र नहीं। पर यह सत्य है कि उनके उदाहरणों से घरानों की कल्पना अपने स्थान से हिल जाती है। इस समय वझेबुवा भी याद आते हैं जिन्होंने अपने जीवन में अनेक गुरु प्राप्त किये, अनेक गायकियों को मंचा लिया और नयी गायकी का निर्माण किया (१६)

उस्ताद अलाओदीन खाँ ने अनेकों उस्तादों से तालीम ली और अपनी शैली का निर्माण किया, परन्तु उनके शिष्य क्या हूबहू वही शैली बजाते? इसी प्रकार पं. विष्णु दिगंबर पलुस्कर के प्रमुख शिष्यों (ओमकार नाथ ठाकुर, विनायकराव पटवर्धन, नारायणराव व्यास) सभी की गायकी में अंतर है। यहां तक कि पं. विष्णु दिगंबर जी का सुपुत्र (ड़ी. वी. पलुस्कर) भी अपनी अलग शैली के लिऐ प्रसिद्ध था। स्पष्ट है कि घरानेदार गुरुओं और कलाकारों के शिष्यों ने भी घरानेदार गायकी अथवा बाज को नकल-दर-नकल नहीं अपनाया। यथार्थ तो यह है कि जिस भी कलाकार ने अपने गुरु की शैली में अपनी निजी साधना का अँश जोड़ा है, उसे श्रोताओं से भरपूर उत्साह और लोकप्रियता प्राप्त हुई। ऐसे कलाकार अधिक आयु तक श्रोताओं का आकर्षण केन्द्र बने रहे। इसलिए "घराने" की कल्पना के लुप्त हो जाने से बैचेन हो जाने की आवश्यकता नहीं क्योंकि उसका आना संकारण था। अगर हम संगीत का ध्येय स्वतंत्र व्यक्तित्व की खोज, सौन्दर्य का नव साक्षात्कार और नव निर्माण को मानें तो घराने के रूढ़ मार्ग से स्वतंत्रता अपेक्षित ही है, इतना ही नहीं इष्ट भी है। इससे संगीत की हानि नहीं होगी। कुमार गधर्व जिस ढंग से अपने व्यक्तित्व को ढूंढने का प्रयत्न कर रहे हैं वह ढंग और प्रयत्न निश्चित रुप से प्रशंसनीय है ( १७ )

"एक बात सत्य है कि घराने का कवच फोड़कर बिना बाहर निकले गायक को स्वतंत्रता प्राप्त नहीं हो सकती, सफलता का लाभ भी नहीं हो सकता। इसलिए उसे गुरु के पेट में घुसना पड़ता है, गुरु शिष्य को कभी कभी पचा भी जाता है ( १७ )

"घराने के सुरक्षित चलते रहने में जहां अनुकरण की जगह स्वतंत्र प्रतिभा का प्रयोग किया जाता है वहाँ घराने का अंत हो जाता है। घराना और व्यक्तित्व दो परस्पर विरोधी कल्पनायें हैं।" (१६)

"पंजाब में कई घराने अस्तित्व में आये, प्रसिद्धि प्राप्त की, पतन के दिन देखे और समाप्त हो गये। कभी एक घराने के कलाकार ने अपने घराने के उस्तादों से

सीखा और एक नई गायकी को विकसित करके स्वतंत्र घराने की बुनियाद रखी। उदाहरण के तौर पर हम पटियाला घराने को प्रस्तुत करते हैं। उस्ताद बड़े गुलाम अली खां मूल रूप से कसूर घराने के ही कलाकार थे पर बाद में उन्होंने पटियाला घराने की शागिर्दी कर ली। इस तरह कसूर घराने का अस्तित्व समाप्त हुआ, जिस कारण से आज उनका नाम पटियाला घराने के अन्तर्गत लिया जाता है।" (२०)

यथार्थ तो यह है कि ऊंची कला-कृति का कोई वंश, खानदान अथवा घराना नहीं है। वालमीक, कालिदास, शेक्सपीयर, स्वामी हरिदास, त्यागराज, गुरु नानक तथा बैजूबावरा का कौन सा संगीत घराना था? हमारी संगीत कला कायम है, पर गीतगत शैलियां सदैव परिवर्तनशील रही हैं, क्योंकि परिवर्तनशीलता प्रकृति का अटल नियम है और परिवर्तन ही प्रगति का सूचिक है। कला कृति की महानता अथवा श्रेष्ठता केवल महान प्रतिभा अथवा महान व्यक्तित्व द्वारा ही स्थापित होती है।

आधुनिक संगीत के संदर्भ में श्री विष्णु नारायण भातखडे, विष्णु दिगंबर पलुस्कर, उमेश जोशी, भगवत शरण शर्मा, ओमकार नाथ ठाकुर, एस. एन. रतांजनकर, डॉ. बी. सी. देवा, बी. वी. केसकर, डी. वी. पलुस्कर, छोटे गुलाम अली खां, पंडित अमरनाथ, कुमार गंधर्व, बाल गंधर्व तथा उस्ताद बिसमिला खां, इत्यादि संगीतकारों ने मौखिक रूप में अथवा लिखित रुप में घरानों का खण्डन किया है।

इसलिये भारतीय संगीत में एवं पंजाब के संगीतज्ञों में घराना मुक्त कलाकारों की संख्या बढ़ती जा रही है जैसे दलीप चन्द्र बेदी, पदमश्री सोहन सिंह, पंडित भीमसेन जी, पंडित आत्माप्रकाश, पं. श्रुति रतन, पंडित हुसन लाल, भगत लाल, पं. बाबूराम, पं कांशी राम, पं कस्तूरीलाल, मास्टर मोहन, मास्टर रतन, मास्टर हरिदेव, श्री देशबन्धु सेठी, बलवन्त जसवाल., मदन बाली, हरीश बाली, बी. एन. दत्ता, डॉ. अजीत सिंह पैंतल, प्रो. तारा सिंह, लछमन सिंह, सरबजीत कौर, प्रो. एस. एस. करीर, शरनजीत कौर, प्रेम जिज्ञासु, सुरिन्द्र कौर गिल, अवतार कौर, सिंह ब्रदर्ज, जितन्द्र कुमार, वीरेन्द्र कुमार, यशपाल, करतार सिंह, महीन्द्र सिंह, बलबीर सिंह कलसी, दर्शन सिंह इत्यादि पंजाब के बहुसंख्य कलाकार घराना मुक्त व्यक्तित्व में विश्वास रखते हैं।

"अभी तक पंजाबी संगीतकारो के तीन विभिन्न घराने अपना संबंध चांद खां

से जोड़ते हैं । परन्तु एक ही घराने से तीन विभिन्न घरानों की उत्पत्ति सैद्धांतिक रूप से तर्क-संगत नहीं मानी जा सकती क्योंकि परंपरा का खंडन तो यहीं पर हो गया । इसलिए वर्तमान काल में समय के चक्र को उल्टा घुमाने से बेहतर यह है कि विभिन्न घरानों के गुणों का मंथन करके एकीकरण की भावना से विभिन्न शैलियों की विशेषज्ञता के लिए प्रयोग किया जाये ताकि सदियों से की गई घरानेदार संगीत साधना का फल व्यर्थ न चला जाये क्योंकि—

"अतः वर्तमान समय में घरानों का कोई यथार्थ अस्तित्व नहीं है, केवल वह संगीत शास्त्र के पृष्ठों पर ही विद्यमान है । राग प्रदर्शन करते समय एक विशिष्ट व अनोखे प्रकार के स्वर-समुदायों द्वारा उसका गायन कर श्रोताओं को अचम्भे व भ्रम में डाल कर उस पर यह छाप लगाई जाती है कि हमारे घराने में इस राग का विस्तार इसी प्रकार से किया जाता है । विश्व प्रख्यात शहनाई वादक श्री बिसमिल्ला खाँ ने स्वामी हरिदास संगीत समारोह वृन्दावन में स्पष्ट कहा था कि मैं घरानों में विश्वास नहीं रखता । घरानों के नाम का बिल्ला लगाकर कोई गायक वादक श्रेष्ठ नहीं बन सकता । वह चाहे किसी भी घराने का हो अपनी साधना से ही वह श्रेष्ठता प्राप्त कर सकता है, यथार्थ है । (५१)

शाम चुरासी घराना :

जिला होशियारपुर शाम+चरासी=शामचुरासी गांव का नाम संगीत क्षेत्र में बड़ा प्रसिद्ध है । आज भी नजाकत अली तथा सलामत अली (प्रसिद्ध गायक बंधु) को लोग शाम चुरासी वाले कह कर याद करते हैं ।

आज से लगभग चार सौ वर्ष गुरु नानक देव जी के पुत्र बाबा श्रीचन्द्र जी (१४९४-१७२९) जो लगभग एक सौ पैंतीस वर्ष तक जीवित रहे । (तायकीनात चिशती जो १८७६ ई. से संपूर्ण हुई, के कर्त्ता अनुसार १५० वर्ष की आयु तक जीते रहे । ) एक बार अपने सेवकों के साथ घूमते-घूमते इस स्थान पर आये जिसे आज कल शाम चुरासी कहा जाता है । (२२)

घरानों के नाम आमतौर पर उनके मूलपुरुष (आदिकर्त्ता) के जन्म स्थान अथवा निवासस्थान के आधार पर रखे जाते हैं । शामचुरासी घराने के संबंध में भी यही हुआ है जिसका संक्षेप वर्णन इस अध्याय में आगे चल कर प्रस्तुत किया गया है । इस घराने के परंपरागत कलाकार भी तलवंडी घराने की तरह अपना सम्बन्ध १२ वीं शताब्दी के कलाकार सूरजखां (दिवाकर पंडित) और चांद खां (सुधाकर पंडित) से जोड़ते हैं । जैसे तलवंडी घराने में भी लिखा था कि यह दोनों महान कलाकार सन्त संगीतकार शिरोमणि गायक एवं गुरु स्वामी (क्रमशः)

# ਤੁਹਾਡੇ ਪ੍ਰਸ਼ਨ

ਪ੍ਰਸ਼ਨ :-ਅੰਮ੍ਰਿਤ ਕੀਰਤਨ ਦੇ ਅਗਸਤ ਅੰਕ ਵਿੱਚ ਜੋ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਜੀ ਦੀ ਰਾਗ ਗਉੜੀ ਦੀ ਸ਼ਬਦ ਰੀਤ ਸੀ ਉਹ 'ਅੰਮ੍ਰਿਤ ਕੀਰਤਨ' ਵਿੱਚ ਦਿੱਤੇ ਗਏ ਗਉੜੀ ਰਾਗ ਦੇ ਪ੍ਰਕਾਰਾਂ ਨਾਲ ਨਹੀਂ ਸੀ ਮਿਲਦੀ ਕਿਰਪਾ ਕਰਕੇ ਦੱਸਣਾ ਕਿ ਉਹ ਕਿਸ ਪ੍ਰਕਾਰ ਦੀ ਗਾਉੜੀ ਸੀ ?

ਜਸਵਿੰਦਰ ਸਿੰਘ

ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤ ਮਿਸ਼ਨਰੀ ਕਾਲਜ, ਚੌਂਤਾ ਕਲਾ (ਰੋਪੜ)

ਉੱਤਰ :—ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਹੋਰਾਂ ਨੇ ਇਹ ਸ਼ਬਦ-ਰੀਤ ਰਾਗ ਗਉੜੀ ਗੁਆਰੇਰੀ ਵਿੱਚ ਲਿਖੀ ਹੈ । ਪਰ ਉਹਨਾਂ ਨੇ ਗਉੜੀ ਗੁਆਰੇਰੀ ਦਾ ਜੋ ਸਰੂਪ ਵਰਨਣ ਕੀਤਾ ਹੈ ਉਹ ਡਾ: ਗੁਰਨਾਮ ਸਿੰਘ ਹੋਰਾਂ ਵਲੋਂ ਵਰਨਣ ਕੀਤੇ ਰੂਪ ਤੋਂ ਭਿੰਨ ਹੈ । ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਨੇ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾ-ਵਲੀ' ਵਿੱਚ ਗਉੜੀ ਗੁਆਰੇਰੀ ਦਾ ਸਰੂਪ ਹੇਠ ਲਿਖੇ ਅਨੁਸਾਰ ਦੱਸਿਆ ਹੈ ।

ਗਉੜੀ ਗੁਆਰੇਰੀ ਰਾਗ ਮੱਧ ਸਪਤਕ ਵਿੱਚ ਹੀ ਗਾਇਆ ਜਾਂਦਾ ਹੈ, ਗਉੜੀਆਂ ਵਿਚੋਂ ਇਸ ਦੀ ਨਿਸ਼ਾਨੀ ਹੈ ਕਿ ਇਸ ਵਿੱਚ ਮੰਦਰ ਜਾਂ ਤਾਰ ਸਪਤਕ ਵਿੱਚ ਨਹੀਂ ਜਾਇਆ ਜਾਂਦਾ । ਮੰਦਰ ਦੀ ਨੀ ਅਤੇ ਤਾਰ ਸਪਤਕ ਦੀ ਰੇ ਮਾਮੂਲੀ ਲਾਈ ਜਾਂਦੀ ਹੈ ।

| | | |
|---|---|---|
| ਮਾਰਵਾ ਅੰਗ | ਗਾ ਵਾਦੀ | ਸਮਾਂ ਸ਼ਾਮ |
| ਔਡਵ ਸ਼ਾਡਵ | ਸਾ ਸੰਵਾਦੀ | ਪਾ ਵਰਜਿਤ |

।
ਅਰੋਹੀ—ਸਾ ਗਾ ਮਾ ਧਾ ਨੀ ਸਾਂ

।
ਅਵਰੋਹੀ—ਸਾਂ ਨੀ ਧਾ ਮਾ ਰੇ ਸਾ

ਸੰਗੀਤ ਪੁਸਤਕ ਚਰਚਾ

# ਭਾਰਤੀ ਸੰਗੀਤ ਦਾ ਇਤਿਹਾਸ

**ਲੇਖਕ :** ਯੋਗੇਂਦਰ ਪਾਲ ਸ਼ਰਮਾ ਅਤੇ ਬਚਿੱਤਰ ਸਿੰਘ

**ਪ੍ਰਕਾਸ਼ਕ :** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਮੁੱਲ :** 60 ਰੁਪਏ (1988) ਪੰਨੇ 380

ਭਾਰਤੀ ਸੰਗੀਤ ਦਾ ਵਿਰਸਾ ਬਹੁਤ ਅਮੀਰ ਰਿਹਾ ਹੈ। ਆਦਿ-ਕਾਲ ਤੋਂ ਹੀ ਸੰਗੀਤ ਕਲਾ ਨੇ ਮਨੁੱਖ ਨੂੰ ਇੱਕ ਸੂਖਮ-ਭਾਵੀ ਬਣਾਉਣ ਵਿਚ ਚੰਗੇਰੀ ਦਿਸ਼ਾ ਦਿੱਤੀ ਹੈ। ਇਹ ਦੁੱਖ ਦੀ ਗੱਲ ਹੈ ਪੰਜਾਬੀ ਵਿੱਚ ਸੰਗੀਤ ਵਿਸ਼ੇ ਉੱਤੇ ਬਹੁਤ ਘੱਟ ਪੁਸਤਕਾਂ ਉਪਲਬਧ ਹਨ। ਭਾਰਤੀ ਸੰਗੀਤ ਦਾ ਦਾ ਇਤਿਹਾਸ' ਨਾਂ ਦੀ ਪੁਸਤਕ ਇਸ ਘਾਟ ਨੂੰ ਪੂਰਿਆਂ ਕਰਨ ਵਿਚ ਇੱਕ ਸ਼ਲਾਘਾਯੋਗ ਉੱਦਮ ਹੈ। ਪ੍ਰਾਚੀਨ ਸੰਗੀਤ ਤੋਂ ਲੈ ਕੇ ਅਜੋਕੀਆਂ ਗਾਇਨ ਵਿਧੀਆਂ ਨੂੰ ਇੱਕ ਇਤਿਹਾਸ ਦੀ ਲੜੀ ਵਿੱਚ ਪ੍ਰੋਣਾ ਇਸ ਪੁਸਤਕ ਦਾ ਮਨੋਰਥ ਹੈ।

ਇਹ ਖੁਸ਼ੀ ਦੀ ਗੱਲ ਹੈ ਕਿ ਸੰਗੀਤ (ਵਾਦਨ ਤੇ ਗਾਇਨ) ਵਿਸ਼ੇ ਨੂੰ ਸਕੂਲੀ ਵਿੱਦਿਆ ਤੋਂ ਲੈ ਕੇ ਪੋਸਟ-ਗਰੈਜੂਏਟ ਪੱਧਰ ਦੇ ਪਾਠ-ਕ੍ਰਮਾਂ 'ਚ ਪੂਰੀ ਅਹਿਮੀਅਤ ਦਿੱਤੀ ਜਾ ਰਹੀ ਹੈ। ਇਸ ਵਿਸ਼ੇ ਬਾਰੇ ਪੰਜਾਬੀ-ਮਾਧਿਅਮ ਰਾਹੀਂ ਵਿਦਿਆਰਥੀਆਂ ਦੀ ਦਿਲਚਸਪੀ ਲਈ ਗਿਆਨ ਦੇਣਾ, ਪੰਜਾਬੀ ਯੂਨੀਵਰਸਿਟੀ ਦਾ ਇੱਕ ਚੰਗੇਰਾ ਕਦਮ ਹੈ। ਇੰਝ ਵਿਦਿਆਰਥੀ ਆਪਣੇ ਸਭਿਆਚਾਰ ਨੂੰ ਸੰਗੀਤ ਵਿਸ਼ੇ ਰਾਹੀਂ ਵਧੇਰੇ ਸਮਝਣ ਦੇ ਸਮਰੱਥ ਹੋ ਸਕਣਗੇ।

ਪੁਸਤਕ ਨੂੰ ਪੰਜ ਖੰਡਾਂ 'ਚ ਬੜੀ ਸੁਚੱਜੀ ਯੋਜਨਾ ਅਧੀਨ ਵੰਡਿਆ ਗਿਆ ਹੈ ਜਿਵੇਂ (ੳ) ਇਤਿਹਾਸ ਦੇ ਵੱਖ ਵੱਖ ਕਾਲਾਂ ਵਿੱਚ ਸੰਗੀਤ (ਅ) ਗਰੰਥਕਾਰ, ਗਾਇਕ ਅਤੇ ਵਾਦਕ (ੲ) ਸਿੱਖ ਧਰਮ ਅਤੇ ਸੰਗੀਤ (ਸ) ਭਾਰਤੀ ਸੰਗੀਤ ਦੀਆਂ ਵਾਦਨ ਸ਼ੈਲੀਆਂ ਅਤੇ ਘਰਾਣੇ (ਹ) ਗਾਇਨ ਤੇ ਵਾਦਨ ਸ਼ੈਲੀਆਂ

ਸੰਗੀਤ ਵਰਗੇ ਵਿਸ਼ੇ ਉੱਤੇ ਲਿਖਣਾ ਇੱਕ ਕਠਨ ਕਾਰਜ ਹੈ ਪ੍ਰੰਤੂ ਸੂਝਵਾਨ ਲੇਖਕਾਂ ਨੇ ਬੜੀ ਮਿਹਨਤ ਤੇ ਲਗਨ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ ਹੈ। ਇਹ ਪੁਸਤਕ ਇੱਕ ਖੋਜ-ਗਰੰਥ ਵੀ ਆਖੀ ਜਾ ਸਕਦੀ ਹੈ। ਪੁਸਤਕ ਨੂੰ ਕਈ ਪੱਖਾਂ ਤੋਂ ਲਾਹੇਵੰਦ ਬਣਾਉਣ ਲਈ ਪ੍ਰੋ. ਗੁਰਨਾਮ ਸਿੰਘ ਨੇ ਸੋਧਕ ਵੱਜੋਂ ਚੰਗੀ ਜ਼ਿਮੇਵਾਰੀ ਨਿਭਾਈ ਹੈ।

ਇਹ ਪੁਸਤਕ ਜਿੱਥੇ ਸੰਗੀਤ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਲਈ ਲਾਭਕਾਰੀ ਹੋਵੇਗੀ ਉੱਥੇ ਸੰਗੀਤ ਵਿੱਚ ਸ਼ੌਕ ਤੇ ਰੁਚੀ ਰੱਖਣ ਵਾਲੇ ਪਾਠਕ ਵੀ ਇਸ ਤੋਂ ਲਾਭ ਉਠਾ ਸਕਣਗੇ।

ਕਿੰਨਾਂ ਚੰਗਾ ਹੁੰਦਾ ਜੇਕਰ ਗਾਇਕਾਂ ਅਤੇ ਸਾਜ਼ਾਂ ਦੇ ਚਿੱਤਰ ਵੀ ਇਸ ਪੁਸਤਕ ਵਿੱਚ ਦਿੱਤੇ ਜਾ ਸਕਦੇ। ਪੁਸਤਕ ਦੀ ਦਿੱਖ, ਛਪਾਈ ਤੇ ਕਾਗਜ਼ ਸ਼ਲਾਘਾਯੋਗ ਹੈ। ਖੋਜੀ-ਲੇਖਕਾਂ ਨੂੰ ਇਹ ਪੁਸਤਕ ਅਗਵਾਈ ਦੇਣ ਵਿਚ ਸਹਾਈ ਹੋ ਸਕਦੀ ਹੈ। ਪੰਜਾਬੀ ਯੂਨੀਵਰਸਿਟੀ ਦੀ ਇਹ ਪ੍ਰਕਾਸ਼ਨਾ ਇੱਕ ਚੰਗੀ ਪ੍ਰਾਪਤੀ ਹੈ। ਮੈਂ ਇਸ ਪੁਸਤਕ ਦਾ ਸੁਆਗਤ ਕਰਦੀ ਹਾਂ।

ਸੰਗੀਤ ਕੌਰ

ਇਕ ਕੈਸਟ

# ਵਾਦੀ ਦੀ ਗੂੰਜ

ਆਮ ਤੌਰ ਤੇ ਕਲਾਸੀਕਲ ਸੰਗੀਤ ਨੂੰ ਸਧਾਰਨ ਸਰੋਤਾ 'ਬੋਰ' ਵਿਸ਼ੇਸ਼ਣ ਲਾਉਂਦਾ ਹੈ ਪਰ ਜੇ ਕਲਾਸੀਕਲ ਸੰਗੀਤ ਕੇਵਲ ਵਾਦਨ ਹੋਵੇ ਤੇ ਉਸ ਨੂੰ ਸੁਣਨਾ ਤਾਂ ਬੇਕਾਰ ਹੀ ਸਮਝਿਆ ਜਾਂਦਾ ਹੈ। ਪਰ ਜਾਦੂ ਉਹ ਜੋ ਸਿਰ ਚੜ੍ਹ ਬੋਲੇ। ਜੇ ਕਿਸੇ ਨੇ ਇਸ ਜਾਦੂ ਬਾਰੇ ਜਾਣਨਾ ਹੈ ਤਾਂ ਉਹ ਈ.ਐਮ. ਆਈ. ਵੱਲੋਂ ਤਿਆਰ ਕੀਤੀ ਕੈਸਟ 'ਕਾਲ ਆਫ ਦੀ ਵੈਲੀ' (ਵਾਦੀ ਦੀ ਗੂੰਜ) ਨੂੰ ਸੁਣਨ ਦੀ ਕੋਸ਼ਿਸ਼ ਕਰ ਵੇਖੇ।

ਇਸ ਕੈਸਟ ਵਿੱਚ ਪੰਜ ਵੱਖ ਵੱਖ ਸਾਜ਼ਾਂ ਦੇ ਵਾਦਕ-ਮਹਾਰਥੀਆਂ ਨੇ ਆਪਣੇ ਆਪਣੇ ਸਾਜ਼ਾਂ ਰਾਹੀਂ ਜਾਦੂ ਵਰਤਾਇਆ ਹੈ। ਸ਼ਿਵ ਕੁਮਾਰ ਸ਼ਰਮਾ ਦਾ ਸੰਤੂਰ, ਹਰੀ ਪ੍ਰਸਾਦ ਚੌਰਸੀਆ ਦੀ ਬੰਸਰੀ, ਬਰਜਿਭੂਸ਼ਨ ਕਾਬਰਾ ਦੀ ਗਿਟਾਰ ਅਤੇ ਮਾਨਿਕ ਰਾਓ ਪੱਪਤਕਰ ਦਾ ਤਬਲਾ। ਸਾਗੀ ਹੀ ਕੈਸਟ ਵਿੱਚ ਜਿਸ ਢੰਗ ਨਾਲ ਮਿਲਤ ਕੀਤੀ ਹੈ, ਇੱਕ ਦੂਜੇ ਦੀ ਸੰਗਤ ਅਤੇ ਫਿਰ ਵਾਰੋ ਵਾਰ ਆਪਣੇ ਰੰਗ, ਕਮਾਲ ਹੈ।

'ਏ' ਸਾਈਡ ਤੇ ਅਹੀਰ ਭੈਰਵ ਇੱਕ ਤਾਲ ਦੀ ਅਤਿ ਸੁੰਦਰ ਰਚਨਾ ਪੇਸ਼ ਕੀਤੀ ਗਈ ਹੈ। ਪੀਲੂ ਰਾਗ ਨੂੰ ਤਿੰਨ ਤਾਲ ਵਿਚ ਬੰਨ੍ਹਿਆ ਗਿਆ ਹੈ।

'ਬੀ' ਸਾਈਡ ਤੇ ਭੂਪ ਦੇ ਜੌਹਰ, ਝਪਤਾਲ ਵਿਚ ਦੇਸ਼ ਰਾਗ ਨੂੰ ਦਾਦਰਾ ਅਤੇ ਪਹਾੜੀ ਦੀ ਰਚਨਾ ਕਹਿਰਵਾ ਤਾਲ ਵਿੱਚ ਰਚੀ ਗਈ ਹੈ।

ਭਾਵੇਂ ਇਹਨਾਂ ਸਾਜ਼ਾਂ ਦੇ ਕਲਾਕਾਰ ਆਪਣੇ-ਆਪਣੇ ਸਾਜ਼ ਨੂੰ ਇੱਕਲਿਆਂ ਵਜਾਉਣ ਵਿੱਚ ਵੀ ਪ੍ਰਵੀਨ ਹਨ ਪਰ ਇਸ ਕੈਸਟ ਨੂੰ ਸੁਣਦਿਆਂ ਇੰਜ ਲੱਗਦਾ ਹੈ ਜਿਵੇਂ ਇੱਕ ਵੀ ਸਾਜ਼ ਨਾ ਹੁੰਦਾ ਤਾਂ ਬਹੁਤ ਕੁਝ ਘਟ ਜਾਣਾ ਸੀ।

ਵਾਦੀ ਦੀ ਹਰਿਆਵਲ ਫੁੱਲਾਂ ਦੀ ਮਹਿਕ ਤੇ ਰੰਗਾਂ ਦਾ ਝੁਰਮਟ, ਝਰਨੇ ਦੀ ਕਲਕਲ ਕੂਲ੍ਹ ਦੇ ਕਲੋਲ ਇਹਨਾਂ ਵਿਚੋਂ ਇਕ ਵੀ ਚੀਜ਼ ਛੱਡੀ ਨਹੀਂ ਜਾ ਸਕਦੀ। ਤੇ ਤਬਲਾ ਤਾਂ ਮਾਨੋ ਠੰਡੀ ਮਿਠੀ ਸਮੀਰ ਵਾਂਗ ਸਾਰੀ ਕੈਸਟ ਵਿੱਚ ਸਮਾਇਆ ਹੋਇਆ ਹੈ। ਭਾਵੇਂ ਕੈਸਟ ਤੇ ਮਾਨਿਕ ਰਾਓ ਦਾ ਨਾਂ ਛੋਟਾ ਕਰਕੇ ਲਿਖਿਆ ਹੋਇਆ ਹੈ ਪਰ ਕੈਸਟ ਵਿੱਚ ਉਹ ਅਣਗੌਲਿਆ ਨਹੀਂ ਰਹਿੰਦਾ।

ਸਾਰੇ ਹੀ ਸਾਜ਼ਾਂ ਨੂੰ ਵਜਾਉਣ ਵਾਲਿਆਂ ਨੇ ਕਮਾਲ ਦਾ ਜ਼ਬਤ ਵੀ ਵਿਖਾਇਆ ਹੈ। ਇੱਕ ਸਾਜ਼ ਤਾਰ ਬਣ ਜਾਂਦਾ ਹੈ ਤੇ ਦੂਜਾ ਉਸ ਤੇ ਕਿਸੇ ਨਟ ਵਾਂਗ ਨਾਚ ਕਰਦਿਆਂ ਆਪਣੇ ਜੌਹਰ ਵਿਖਾਉਂਦਾ ਹੈ ਫਿਰ ਇਹੀ ਗੱਲ ਸਾਰੇ ਦੁਹਰਾਉਂਦੇ ਹਨ।

ਖੈਰ ਸੰਗੀਤ ਦਾ ਅਨੰਦ ਗੂੰਗੇ ਦੀ ਮਠਿਆਈ ਹੈ। ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਮਾਣਿਆ ਜਾ ਸਕਦਾ ਹੈ।

**ਡਾ. ਜਗੀਰ ਸਿੰਘ**

# ਸਮਾਚਾਰ

## ਗੁਰਪੁਰਬ

**ਦਿੱਲੀ** :-ਦਿੱਲੀ ਗੁਰਦੁਆਰਾ ਕਮੇਟੀ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ-ਜੋਤ ਸਮਾਉਣ ਦਾ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਮੁਖ ਦੀਵਾਨ ਗੁਰਦੁਆਰਾ ਨਾਨਕ ਪਿਆਉ ਵਿਖੇ ਸਜਾਏ ਗਏ। ਇਸ ਦੀਵਾਨ ਵਿਚ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਨੇ ਕਥਾ ਕੀਤੀ। ਭਾਈ ਸਤਨਾਮ ਸਿੰਘ ਸੇਠੀ, ਡਾ. ਜਾਗੀਰ ਸਿੰਘ, ਭਾਈ ਜਸਬੀਰ ਸਿੰਘ, ਭਾਈ ਹਰਜੀਤ ਸਿੰਘ ਭਾਈ ਗੁਰਦੀਪ ਸਿੰਘ ਦੇ ਰਾਗੀ ਜਥਿਆ ਨੇ ਕੀਰਤਨ ਕੀਤਾ। ਪ੍ਰੋ: ਜੁਗਿੰਦਰ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਅਤੇ ਗੁਰਗੱਦੀ ਲਈ ਯੋਗ ਵਾਰਿਸ ਦੀ ਚੋਣ ਦੇ ਸੰਕਲਪ ਉੱਤੇ ਚਾਨਣਾ ਪਾਇਆ।

**ਚੰਡੀਗੜ੍ਹ**-ਮਿਤੀ 2 ਸਤੰਬਰ ਨੂੰ ਪ੍ਰਸਿੱਧ ਰਾਗੀ ਹੀਰਾ ਸਿੰਘ ਜੀ ਦੀ ਬਰਸੀ ਉਹਨਾਂ ਦੇ ਸਪੁੱਤਰ ਮੇਜਰ ਆਗਿਆਪਾਲ ਸਿੰਘ ਹੋਰਾਂ ਦੇ ਗ੍ਰਿਹ ਵਿਖੇ ਮਨਾਈ ਗਈ। ਸ਼ਾਮ ਨੂੰ ਦੀਵਾਨ ਸਜਾਏ ਗਏ। ਇਸ ਦੀਵਾਨ ਵਿੱਚ ਅੰਮ੍ਰਿਤ ਕੀਰਤਨ ਦਾ ਵਿਸ਼ੇਸ਼ ਅੰਕ ਪ੍ਰਸਿੱਧ ਵਿਦਵਾਨ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਨੇ ਰਿਲੀਜ਼ ਕੀਤਾ। ਭਾਈ ਅਤਰ ਸਿੰਘ ਅਤੇ ਡਾ. ਜਾਗੀਰ ਸਿੰਘ ਦੇ ਰਾਗੀ ਜਥਿਆਂ ਨੇ ਕੀਰਤਨ ਰਾਹੀਂ ਭਾਈ ਹੀਰਾ ਸਿੰਘ ਜੀ ਨੂੰ ਸ਼ਰਧਾਂਜਲੀ ਅਰਪਨ ਕੀਤੀ।

**ਮੁਰਾਦਾਬਾਦ** :-ਸ੍ਰੀ ਗੁਰੂ ਸਿੰਘ ਸਭਾ ਮੁਰਾਦਾਬਾਦ, ਯੂ.ਪੀ. ਵਿਖੇ 3-4-5 ਸਤੰਬਰ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਵਿਚ ਭਾਈ ਮਹਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ, ਭਾਈ ਕਰਮ ਸਿੰਘ ਰਤਨ ਹਜ਼ੂਰੀ ਰਾਗੀ ਗੁ: ਸਿੰਘ ਸਭਾ ਮੁਰਾਦਾਬਾਦ ਨੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਹਜ਼ਾਰਾ ਸਿੰਘ ਮਸਤ, ਦਿੱਲੀ ਵਾਲਿਆਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਮਹੱਤਤਾ ਬਾਰੇ ਲੈਕਚਰ ਦਿੱਤੇ। ਬੀਰ ਖਾਲਸਾ ਸੇਵਾ ਦਲ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਦੇ ਸਹਿਯੋਗ ਨਾਲ ਅਯੋਜਿਤ ਕੀਤੇ ਇਸ ਪ੍ਰੋਗਰਾਮ ਦੀ ਸ਼ਲਾਘਾ ਹੋ ਰਹੀ ਹੈ।

**ਨਵੀਂ ਦਿੱਲੀ** :-ਰਾਸ਼ਟਰੀ ਫਿਲਮ ਵਿਕਾਸ ਨਿਗਮ, ਸੰਗੀਤ ਨਾਟਕ ਅਕਾਦਮੀ ਅਤੇ ਭਾਰਤੀ ਸਾਂਸਕ੍ਰਿਤ ਸੰਬੰਧ ਪਰਿਸ਼ਦ ਦੇ ਸਹਿਯੋਗ ਨਾਲ ਗੌਤਮ ਘੋਸ਼ ਦੀ ਡਾਇਰੈਕਸ਼ਨ ਵਿਚ ਸ਼ਹਿਨਾਈ ਵਾਦਕ ਬਿਸਮਿਲਾ ਖਾਂ ਉੱਤੇ ਇਕ ਫਿਲਮ ਬਣ ਰਹੀ ਹੈ।

ਨਿਰਦੇਸ਼ਕ ਗੌਤਮ ਘੋਸ਼ ਦਾ ਕਹਿਣਾ ਹੈ ਕਿ ਇਸ ਫਿਲਮ ਰਾਹੀਂ ਉਹ ਇਸ ਮਹਾਨ ਕਲਾਕਾਰ ਦੇ ਜੀਵਨ ਦੇ ਮੂਲ ਸੱਚ ਨੂੰ ਫੜਨ ਦਾ ਜਤਨ ਕਰਨਗੇ। ਨਿਰਦੇਸ਼ਕ ਅਨੁਸਾਰ 'ਬਿਸਮਿਲਾ ਖਾਂ' ਅਦਭੁਤ ਸ਼ਖਸੀਅਤ ਵਾਲੇ ਮਹਾਨ ਕਲਾਕਾਰ ਹਨ ਅਤੇ ਉਸ ਘਰਾਣੇ ਨਾਲ

ਜੁੜੇ ਹੋਏ ਹਨ ਜਿਹੜਾ ਅੱਜ ਵੀ ਸਰਗਰਮ ਹੈ। ਮੈਂ ਕਈ ਸਾਲਾਂ ਤੋਂ ਉਹਨਾਂ ਤੋਂ ਪ੍ਰਭਾਵਿਤ ਸੀ ਅਤੇ ਉਹਨਾਂ ਉੱਤੇ ਇਕ ਫਿਲਮ ਬਣਾਉਣਾ ਚਾਹੁੰਦਾ ਸੀ।

ਮਹਾਨ ਗਾਇਕਾਂ ਅਤੇ ਸੰਗੀਤਕਾਰਾਂ ਉੱਤੇ ਡਾਕੂਮੈਂਟਰੀ ਫਿਲਮ ਬਣਾਉਣ ਦੀ ਕੜੀ ਵਿੱਚ ਬਿਸਮਿਲਾ ਖਾਂ ਉੱਤੇ ਬਣਾਈ ਜਾਣ ਵਾਲੀ ਇਹ ਪਹਿਲੀ ਫਿਲਮ ਹੋਵੇਗੀ।

ਪਿੱਛੇ ਜਿਹੇ ਮੁਹਰਮ ਦੇ ਦੌਰਾਨ ਬਾਲਾ ਜੀ ਦੇ ਮੰਦਰ ਵਿਚ ਇਸ ਦੀ ਸ਼ੂਟਿੰਗ ਹੋਈ। ਨੌਬਤਖਾਨੇ ਵਿੱਚ ਵੀ ਸ਼ੂਟਿੰਗ ਹੋਈ ਜਿੱਥੇ ਬਿਸਮਿਲਾ ਖਾਂ ਸਾਹਿਬ ਦੀ ਸਿੱਖਿਆ ਹੋਈ ਅਤੇ ਉਹਨਾਂ ਦੇ ਉਸਤਾਦ ਲਾਲਾ ਅਲੀ ਬਖਸ਼ ਅਠਾਰਾਂ ਸਾਲਾਂ ਤੱਕ ਸੰਗੀਤ ਸਾਧਨਾ ਕਰਦੇ ਰਹੇ। ਫਿਲਮ ਵਿੱਚ ਬਨਾਰਸ ਨਾਲ ਜੁੜੀਆਂ ਖਾਂ ਸਾਹਿਬ ਦੀਆਂ ਯਾਦਾਂ ਅਤੇ ਉਹਨਾਂ ਦੀ ਆਪਣੀ ਜ਼ਿੰਦਗੀ ਦੀ ਝਲਕ ਹੋਵੇਗੀ। ਇਸ ਵਿਚ ਉਹਨਾਂ ਦਾ ਸ਼ਹਿਨਾਈ ਵਾਦਨ ਵੀ ਸ਼ਾਮਲ ਹੈ। ਮੂਲ ਰੂਪ ਵਿਚ ਇਹ ਫਿਲਮ ਉਹਨਾਂ ਦੀਆਂ ਯਾਦਾਂ ਤੇ ਅਧਾਰਤ ਹੈ।

**ਕਲਕੱਤਾ** :-ਭਾਰਤੀ ਸ਼ਾਸਤਰੀ ਸੰਗੀਤ ਦੇ ਉਤਸਾਦ ਬਹਾਦਰ ਖ਼ਾਨ ਦਾ ਦੱਖਣੀ ਕਲਕੱਤਾ ਵਿਚ ਉਹਨਾਂ ਦੇ ਘਰ ਵਿੱਚ ਹੀ ਮਾਮੂਲੀ ਬਿਮਾਰ ਰਹਿਣ ਪਿਛੋਂ ਦਿਹਾਂਤ ਹੋ ਗਿਆ। ਉਹ 58 ਸਾਲਾਂ ਦੇ ਸਨ!

ਉੱਘੇ ਸਰੋਦ ਵਾਦਕ ਬਹਾਦਰ ਖ਼ਾਨ, ਮੇਹਾਰ ਦੇ ਮਰਹੂਮ ਅਲਾਉਦੀਨ ਖ਼ਾਨ ਦੇ ਚੇਲੇ ਸਨ। ਉਹਨਾਂ ਨੇ ਭਾਰਤ ਅਤੇ ਵਿਦੇਸ਼ਾਂ ਵਿਚ ਭਾਰਤੀ ਸੰਗੀਤ ਖੇਤਰ ਵਿਚ ਬੜਾ ਨਾਮ ਕਮਾਇਆ ਹੈ।